**ਐਮ.ਏ.(ਧਰਮ ਅਧਿਐਨ) ਭਾਗ ਪਹਿਲਾ (ਸਮੈਸਟਰ ਪਹਿਲਾ) ਪਰਚਾ ਤੀਜਾ**

**(ਆਪਸ਼ਨ ਦੂਜੀ)**

**(ਭਾਰਤੀ ਧਰਮਾਂ ਦਾ ਅਧਿਐਨ)**

**ਯੂਨਿਟ ਨੰ : 1**


ਡਿਸਟੈਂਸ ਐਜੂਕੇਸ਼ਨ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ


(ਸਭ ਹੱਕ ਰਾਖਵੇਂ ਹਨ)

**ਪਾਠ ਨੰ :**


**ਯੂਨਿਟ ਨੰ. : 1**

1.1 : ਵੈਦਿਕ ਧਰਮ, ਵੈਦਿਕ ਧਰਮ ਦੀਆਂ ਮੁੱਖ ਵਿਸ਼ੇਸ਼ਤਾਵਾਂ

1.2 : ਉਪਨਿਸ਼ਦ, ਸ੍ਰੀਮਦ ਭਗਵਤ ਗੀਤਾ

1.3 : ਵੈਦਿਕ ਸਾਹਿਤ ਬਣਤਰ ਅਤੇ ਵਿਸ਼ਾ ਵਸਤੂ

ਪਾਠ ਨੰ: 1.1 ਡਾ.ਰਾਮਦਾਸ ਨਿਰਾਕਾਰੀ

# ਵੈਦਿਕ ਧਰਮ, ਵੈਦਿਕ ਧਰਮ ਦੀਆਂ ਮੁੱਖ ਵਿਸ਼ੇਸ਼ਤਾਵਾਂ, ਨਾਸਦੀਯ-ਸੂਕਤ, ਪੁਰੁਸ਼-ਸੂਕਤ, ਵੈਦਿਕ ਦੇਵਤੇ ਅਤੇ ਹਵਨ ਯੱਗ

## 1. ਰੂਪ ਰੇਖਾ

ਵੈਦਿਕ ਧਰਮ ਦੀ ਗਿਣਤੀ ਵਿਸ਼ਵ ਦੇ ਸਭ ਤੋਂ ਪੁਰਾਣੇ ਧਰਮਾਂ ਵਿੱਚ ਕੀਤੀ ਜਾਂਦੀ ਹੈ ਅਤੇ ਰਿਗਵੇਦ ਨੂੰ ਪੱਛਮੀ ਵਿਦਵਾਨਾਂ ਨੇ ਸੰਸਾਰ ਦਾ ਸਭ ਤੋਂ ਪੁਰਾਣਾ ਅਤੇ ਸਭ ਤੋਂ ਪਹਿਲਾ ਗ੍ਰੰਥ ਮੰਨਿਆ ਹੈ। ਵੇਦਾਂ ਦੇ ਲੇਖਕ ਬਾਰੇ ਕੋਈ ਪਤਾ ਨਹੀਂ ਹੈ ਅਤੇ ਇਸ ਪੱਖੋਂ ਇਹ ਅਪੌਰੁਸ਼ਯ ਰਚਨਾਵਾਂ ਹਨ ਜਿਸ ਤੋਂ ਭਾਵ ਉਹ ਰਚਨਾਵਾਂ ਜੋ ਮਨੁੱਖੀ ਨਾ ਹੋ ਕੇ ਦੈਵੀ ਹੋਣ। ਨਿਆਇ ਦਰਸ਼ਨ ਦੇ ਆਚਾਰੀਆਂ, ਈਸ਼ਵਰ ਨੂੰ ਵੇਦਾਂ ਦਾ ਕਰਤਾ ਮੰਨਦੇ ਹਨ, ਪਰ ਮੀਮਾਂਸਾ ਅਤੇ ਵੇਦਾਂਤ ਦਰਸ਼ਨਾਂ ਵਿੱਚ ਵੇਦਾਂ ਨੂੰ ਅਪੌਰਸ਼ਯ ਕਿਹਾ ਜਾਂਦਾ ਹੈ, ਜਿਸ ਦਾ ਭਾਵ ਇਹ ਹੈ, ਕਿ ਵੇਦ ਕਿਸੇ ਪੁਰਸ਼ ਦੀ ਰਚਨਾ ਨਹੀਂ ਹਨ।[1] 'ਵੇਦ' ਸ਼ਬਦ ਦਾ ਅਰਥ 'ਗਿਆਨ' ਹੁੰਦਾ ਹੈ ਅਤੇ ਤਰਕ ਤੇ ਅਨੁਭਵ ਦੇ ਆਧਾਰ ਤੇ 'ਗਿਆਨ' ਦੀ ਰਚਨਾ ਨਹੀਂ ਹੋ ਸਕਦੀ, ਕਿਉਂਕਿ ਗਿਆਨ ਹੀ ਸਭ ਦੀ ਰਚਨਾ ਕਰਦਾ ਹੈ, ਇਸ ਲਈ ਉਪਨਿਸ਼ਦਾਂ ਵਿੱਚ ਗਿਆਨ ਨੂੰ ਬ੍ਰਹਮ ਜਾਂ ਆਤਮਾ ਸਰੂਪ ਮੰਨਿਆ ਜਾਂਦਾ ਹੈ।ਕਾਤਿਆਇਨ ਰਿਸ਼ੀ ਨੇ ਵੇਦ ਦੀ ਪਰਿਭਾਸ਼ਾਂ ਦਿੰਦਿਆਂ ਹੋਇਆ ਕਿਹਾ ਹੈ ਕਿ ਮੰਤਰ ਤੇ ਬ੍ਰਾਹਮਣ ਦਾ ਨਾਮ ਵੇਦ ਹੈ। ਇਸ ਤਰ੍ਹਾਂ ਵੇਦ ਅਤੇ ਬ੍ਰਾਹਮਣ ਗ੍ਰੰਥਾਂ ਦੇ ਚਾਰ ਭਾਗ ਮੰਨੇ ਜਾਂਦੇ ਹਨ। ਪਹਿਲੇ ਭਾਗ ਦਾ ਨਾਮ ਮੰਤਰ-ਭਾਗ ਹੈ। ਇਸ ਨੂੰ ਸੰਹਿਤਾ ਭਾਵ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਭਾਵ ਵਿੱਚ ਮੰਤਰਾਂ ਦਾ ਸੰਗ੍ਰਹਿ ਮਿਲਦਾ ਹੈ ਇਹੀ ਅੱਜ ਕੱਲ੍ਹ 'ਵੇਦ' ਦੇ ਨਾਮ ਨਾਲ ਪ੍ਰਸਿੱਧ ਹੈ। ਵੇਦ ਦੇ ਦੂਜੇ ਭਾਗ ਦਾ ਨਾਮ ਬ੍ਰਾਹਮਣ ਭਾਗ ਹੈ, ਕੁਝ ਬ੍ਰਾਹਮਣ ਗ੍ਰੰਥਾਂ ਵਿੱਚ ਆਰਣਿਕ ਅਤੇ ਉਪਨਿਸ਼ਦ ਵੀ ਆ ਜਾਂਦੇ ਹਨ। ਇਸ ਦੇ ਤੀਜੇ ਭਾਗ ਦਾ ਨਾਮ ਆਰਣਿਅਕ ਭਾਗ ਹੈ, ਚੌਥੇ ਭਾਗ ਦਾ ਨਾਮ ਉਪਨਿਸ਼ਦ ਭਾਗ ਹੈ। ਅਸਲ ਵਿੱਚ ਵੇਦ ਦੇ ਪਹਿਲੇ ਜਾਂ ਮੰਤਰ ਭਾਗ ਦੀ ਤਿੰਨ ਰੂਪਾਂ ਵਿੱਚ ਵਿਆਖਿਆ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਵਿਆਖਿਆ ਵਾਲੇ ਗ੍ਰੰਥਾਂ ਨੂੰ ਵੀ ਵੇਦ ਹੀ ਕਿਹਾ ਜਾਂਦਾ ਹੈ।[2] ਵੇਦ ਦੀ ਕਰਮ-ਕਾਂਡ ਦੇ ਰੂਪ ਵਿੱਚ ਵਿਆਖਿਆ ਕਰਨ ਵਾਲੇ ਗ੍ਰੰਥਾਂ ਨੂੰ ਬ੍ਰਾਹਮਣ ਗ੍ਰੰਥ ਕਿਹਾ ਜਾਂਦਾ ਹੈ। ਵੇਦ ਦੀ ਉਪਾਸਨਾ ਦੇ ਰੂਪ ਵਿੱਚ ਵਿਆਖਿਆ ਕਰਨ ਵਾਲੇ ਗ੍ਰੰਥਾਂ ਨੂੰ ਆਰਣਿਅਕ-ਗ੍ਰੰਥ ਕਿਹਾ ਜਾਂਦਾ ਹੈ। ਧਿਆਨ ਦੇਣ ਵਾਲੀ ਗੱਲ ਇਹ ਹੈ, ਕਿ ਇਨ੍ਹਾਂ ਚਾਰ ਪ੍ਰਕਾਰ ਦੇ ਗ੍ਰੰਥਾਂ ਨੂੰ 'ਸ਼ਰੁਤੀ' ਕਿਹਾ ਹੈ, ਕਿਉਂਕਿ ਇਨ੍ਹਾਂ ਦੇ ਕੋਈ ਲੇਖਕ ਨਹੀਂ ਹਨ। ਵੇਦ ਦੇ ਪਹਿਲੇ ਭਾਗ ਵਿੱਚ ਚਾਰ ਸੰਹਿਤਕਾਵਾਂ ਲਈਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਰਿਗਵੇਦ-ਸੰਹਿਤਾ, ਯਜੁਰਵੇਦ-ਸੰਹਿਤਾ, ਸਾਮਵੇਦ-ਸੰਹਿਤਾ ਅਤੇ ਅਥਰਵੇਦ-ਸੰਹਿਤਾ ਕਿਹਾ ਜਾਂਦਾ ਹੈ। ਇਨ੍ਹਾਂ ਨੂੰ ਹੀ ਚਾਰ ਵੇਦ ਕਿਹਾ ਜਾਂਦਾ ਹੈ। ਪਰ ਵੈਦਿਕ-ਧਰਮ ਵੇਦ ਦੇ ਚਾਰ ਭਾਗਾਂ ਦੀ ਪ੍ਰਤਿਨਿਧਤਾ ਕਰਦਾ ਹੈ। ਇਨ੍ਹਾਂ ਤੋਂ ਇਲਾਵਾ ਉਪਵੇਦ ਅਤੇ ਵੇਦਾਂਗਤ ਵੀ ਹੁੰਦੇ ਹਨ, ਪਰ ਉਹ ਵੇਦਾਂ ਦੇ ਵਿਗਿਆਨਕ ਭਾਗ ਦੀ ਪ੍ਰਤਿਨਿਧਤਾ ਕਰਦੇ ਹਨ, ਇਸ ਲਈ ਅਸੀਂ ਇਸ ਲੇਖ ਵਿੱਚ ਕੇਵਲ ਮੰਤਰ-ਭਾਗ ਨਾਲ ਹੀ ਜ਼ਿਆਦਾ ਸੰਬੰਧ ਰੱਖਾਂਗੇ ਪਰ ਲੋੜ ਦੇ ਅਨੁਸਾਰ ਵੇਦ ਦੇ ਦੂਜੇ ਭਾਗਾਂ ਵਿੱਚੋਂ ਕੁੱਝ ਵਾਕ ਇੱਥੇ ਉਦਾਹਰਣ ਵਾਸਤੇ ਦਿੱਤੇ ਜਾ ਸਕਦੇ ਹਨ।

## 2. ਵੈਦਿਕ ਧਰਮ ਦੀਆਂ ਵਿਸ਼ੇਸ਼ਤਾਵਾਂ

ਵੈਦਿਕ ਧਰਮ ਦੀਆਂ ਵਿਸ਼ੇਸ਼ਤਾਵਾਂ ਦੱਸਣ ਵਾਸਤੇ ਵੇਦ ਦੇ ਉੱਪਰ ਦੱਸੇ ਭਾਗਾਂ ਦਾ ਸਹਾਰਾ ਲੈਣਾ ਜ਼ਰੂਰੀ ਹੈ, ਨਹੀਂ ਤਾਂ ਇਸ ਧਰਮ ਦੇ ਯਥਾਰਥ ਰੂਪ ਨੂੰ ਸਮਝਿਆ ਨਹੀਂ ਜਾ ਸਕਦਾ। ਕੁੱਝ ਵਿਦਵਾਨ ਇਹ ਸਮਝਦੇ ਹਨ, ਕਿ ਵੇਦਾਂ ਵਿੱਚ ਕਰਮ-ਕਾਂਡ ਦੀ ਪ੍ਰਧਾਨਤਾ ਹੈ, ਇਸ ਕਰਕੇ ਵੈਦਿਕ ਆਰੀਆ ਲੋਕ ਹਮੇਸ਼ਾਂ ਯੱਗ ਕਰਮ ਹੀ

ਕਰਦੇ ਜਾਂ ਕਰਾਉਂਦੇ ਰਹਿੰਦੇ ਸਨ। ਸ਼ਤਪਥ-ਬ੍ਰਾਹਮਣ ਵਿੱਚ ਕਿਹਾ ਹੈ, ਕਿ ਯੱਗ ਸਭ ਤੋਂ ਉੱਤਮ ਕਰਮ ਹੈ, ਗੀਤਾ ਵਿੱਚ ਕਿਹਾ ਗਿਆ ਹੈ ਕਿ ਯੱਗ ਨੂੰ ਛੱਡ ਕੇ ਬਾਕੀ ਸਾਰੇ ਕਰਮ ਬੰਧਨ-ਰੂਪ ਹਨ। ਗੀਤਾ ਵਿੱਚ ਇਹ ਵੀ ਕਿਹਾ ਹੈ, ਕਿ ਯੱਗ ਕਰਨ ਨਾਲ ਵਰਖਾ ਹੁੰਦੀ ਹੈ, ਵਰਖਾ ਨਾਲ ਅੰਨ ਪੈਦਾ ਹੁੰਦਾ ਹੈ ਅਤੇ ਅੰਨ ਹੀ ਮੁਨੱਖ ਤੇ ਹੋਰ ਕਈ ਜੀਵਾਂ ਦੇ ਜੀਵਨ ਦਾ ਆਧਾਰ ਹੈ। ਇਸ ਲਈ ਵੈਦਿਕ ਧਰਮ ਯੱਗ-ਪ੍ਰਧਾਨ ਹੈ। ਇਨ੍ਹਾਂ ਯੱਗਾਂ ਵਿਚ ਦੇਵਤਿਆਂ ਦੀ ਪੂਜਾ ਮੰਤਰਾਂ ਦੁਆਰਾ ਕੀਤੀ ਜਾਂਦੀ ਹੈ। ਇਨ੍ਹਾਂ ਦੇਵਤਿਆਂ ਨੂੰ ਇੰਦਰ, ਅਗਨੀ, ਵਾਯੂ, ਜਲ, ਪ੍ਰਿਥਵੀ, ਚੰਦਰਮਾ, ਸੂਰਜ, ਵਰੁਣ, ਮਿੱਤਰ, ਸੋਮ ਆਦਿ ਕਿਹਾ ਜਾਂਦਾ ਹੈ। ਇਸ ਕਰਕੇ ਵੈਦਿਕ-ਧਰਮ ਨੂੰ ਵਿਦਵਾਨ ਅਨੇਕ ਦੇਵਵਾਦੀ ਮੱਤ ਸਮਝਦੇ ਹਨ।

ਇਹ ਗੱਲ ਠੀਕ ਨਹੀਂ ਹੈ, ਕਿਉਂਕਿ ਇੰਦਰ, ਅਗਨੀ ਆਦਿ ਪ੍ਰਕ੍ਰਿਤੀ ਦੇ ਤੱਤਾਂ ਦੇ ਨਾਮ ਹਨ, ਇਸ ਕਰਕੇ ਵੈਦਿਕ ਧਰਮ ਨੂੰ ਪ੍ਰਕ੍ਰਿਤੀਵਾਦੀ ਵੀ ਕਿਹਾ ਜਾ ਸਕਦਾ ਹੈ। ਰਿਗਵੇਦ ਵਿੱਚ ਕਿਹਾ, ਸੱਤ ਇਕ ਹੈ, ਉਸੇ ਨੂੰ ਵਿਦਵਾਨ ਇੰਦਰ, ਅਗਨੀ, ਵਰੁਣ ਆਦਿ ਕਹਿੰਦੇ ਹਨ, (1.164.46)। ਇਸ ਤੋਂ ਇਹ ਲੱਗਦਾ ਹੈ ਕਿ ਵੈਦਿਕ-ਧਰਮ ਇਕ ਮੂਲ-ਸੱਤਾ ਵਿੱਚ ਵਿਸ਼ਵਾਸ਼ ਰੱਖਦਾ ਹੈ। ਉਪਨਿਸ਼ਦਾਂ ਵਿੱਚ ਤਾਂ ਇਕ ਆਤਮਵਾਦ ਜਾਂ ਬ੍ਰਹਮਵਾਦ ਹੀ ਭਰਿਆ ਪਿਆ ਹੈ। ਇਕ ਈਸ਼ਵਰਵਾਦ ਦੇ ਬੀਜ ਵੀ ਵੇਦਾਂ ਵਿੱਚ ਮਿਲਦੇ ਹਨ। ਰਿਗਵੇਦ ਵਿੱਚ ਕਿਹਾ ਹੈ ਕਿ ਦੇਵਤਿਆਂ ਦੇ ਭਿੰਨ-ਭਿੰਨ ਨਾਮਾਂ ਨੂੰ ਧਾਰਣ ਕਰਨ ਵਾਲਾ ਇਕ ਹੀ ਹੈ (10.82.3)। ਯਜੁਰਵੇਦ ਵਿੱਚ ਕਿਹਾ ਹੈ ਕਿ ਈਸ਼ ਜਾਂ ਈਸ਼ਵਰ ਸਭ ਵਿੱਚ ਵਿਆਪਕ ਹੈ (40.1) ਹੈ। ਤੈਤਰੀਯ ਬ੍ਰਾਹਮਣ ਵਿਚ ਕਿਹਾ ਗਿਆ ਹੈ ਕਿ ਪਰਜਾਪਤੀ ਇਕ ਹੀ ਹੈ (3.8.16.1) ਇਸ ਤਰ੍ਹਾਂ ਤੱਤ ਮੀਮਾਂਸਾਂ ਦੀ ਦ੍ਰਿਸ਼ਟੀ ਨਾਲ ਵੈਦਿਕ-ਧਰਮ ਅਨੇਕ ਰੂਪਾਂ ਵਾਲਾ ਨਹੀਂ ਹੈ।

ਸਮਾਜਿਕ ਦ੍ਰਿਸ਼ਟੀ ਦੇ ਆਧਾਰ ਤੇ ਵੈਦਿਕ-ਧਰਮ ਚਾਰ ਵਰਣਾਂ ਵਿੱਚ ਵੰਡਿਆ ਹੋਇਆ ਸੀ, ਜਿਨ੍ਹਾਂ ਨੂੰ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਕਿਹਾ ਜਾਂਦਾ ਹੈ। ਬ੍ਰਾਹਮਣ ਯੱਗ ਆਦਿ ਵੈਦਿਕ ਕਰਮ ਕਰਦੇ ਅਤੇ ਕਰਾਉਂਦੇ ਸਨ, ਪੜ੍ਹਦੇ ਅਤੇ ਪੜ੍ਹਾਉਂਦੇ ਸਨ। ਪ੍ਰਾਕ੍ਰਿਤਿਕ, ਦੈਵੀ ਅਤੇ ਅਧਿਆਤਮਕ ਗਿਆਨ ਦਾ ਵਿਕਾਸ ਕਰਦੇ ਸਨ। ਖੱਤਰੀ ਪਰਜਾ ਦੀ ਰੱਖਿਆ ਕਰਦੇ ਸਨ ਅਤੇ ਦੁਸ਼ਟਾਂ ਦਾ ਵਿਨਾਸ਼ ਕਰਦੇ ਸਨ। ਵੈਸ਼ ਅੰਨ ਦੀ ਉਤਪੱਤੀ ਅਤੇਆਰਥਿਕ ਸਮਰਿੱਧੀ ਕਰਦੇ ਸਨ। ਸ਼ੂਦਰ ਸਾਰੇ ਵਰਣਾਂ ਦੀ ਸੇਵਾ ਕਰਦੇ ਸਨ। ਬਾਅਦ ਵਿੱਚ ਇਨ੍ਹਾਂ ਵਰਣਾਂ ਨੇ ਜਾਤੀਆਂ ਦਾ ਰੂਪ ਧਾਰਨ ਕਰ ਲਿਆ। ਵਰਣਾਂ ਦੀ ਤਰ੍ਹਾਂ ਵਿਅਕਤੀਆਂ ਦਾ ਆਸ਼੍ਰਮਾਂ ਵਿੱਚ ਵੀ ਵਿਭਾਜਨ ਸੀ। ਇਹ ਆਸ਼੍ਰਮ ਵੀ ਚਾਰ ਹੀ ਮੰਨੇ ਗਏ ਹਨ, ਜਿਨ੍ਹਾਂ ਨੂੰ ਬ੍ਰਹਮਚਰਯ, ਗ੍ਰਿਹਸਥ, ਵਾਣਪ੍ਰਸਥ ਅਤੇ ਸੰਨਿਆਸ ਕਿਹਾ ਜਾਂਦਾ ਹੈ। ਵੇਦਾਂ ਦਾ ਅਧਿਐਨ ਬ੍ਰਹਮਚਾਰਯ ਅਵਸਥਾ ਵਿੱਚ ਪੱਚੀ ਸਾਲ ਦੀ ਉਮਰ ਤੱਕ ਕੀਤਾ ਜਾਂਦਾ ਹੈ। ਫਿਰ ਵਿਆਹ ਤੋਂ ਬਾਅਦ ਪੱਚੀ ਸਾਲ (26-50) ਤੱਕ ਵਿਅਕਤੀ ਗ੍ਰਿਹਸਥ ਵਿੱਚ ਰਹਿ ਕੇ ਆਪਣੀ ਅਤੇ ਬਾਕੀ ਆਸ਼੍ਰਮਾਂ ਵਾਲਿਆਂ ਦੀ ਪਾਲਣਾ ਕਰਦਾ ਸੀ। ਬਾਣਪ੍ਰਸਥ (51-75) ਵਿੱਚ ਵਿਅਕਤੀ ਪੱਝਤਰ ਸਾਲ ਤੱਕ ਰਹਿੰਦਾ ਸੀ ਅਤੇ ਯੱਗ ਆਦਿ ਕਰਦੇ ਹੋਏ ਆਤਮ ਚਿੰਤਨ ਵੀ ਕਰਦਾ ਸੀ।

ਸੰਨਿਆਸ (76-100) ਵਿੱਚ ਵਿਅਕਤੀ ਜੀਵਨ ਦੇ ਆਖਰੀ ਪੱਚੀ ਸਾਲ ਬਿਤਾਉਂਦਾ ਸੀ ਅਤੇ ਅਧਿਆਤਮਕ ਵਿਦਿਆ ਦਾ ਉਪਦੇਸ਼ ਫਿਰਦੇ ਟੁਰਦੇ ਦਿੰਦਾ ਸੀ। ਇਸ ਤਰ੍ਹਾਂ ਵੈਦਿਕ ਰਿਸ਼ੀ ਸੌ ਸਾਲ ਦੀ ਉਮਰ ਤੱਕ ਜੀਉਣ ਦਾ ਯਤਨ ਕਰਦੇ ਸਨ। ਇਸ ਬਾਰੇ ਵੇਦਾਂ ਵਿੱਚ ਬਹੁਤ ਮੰਤਰ ਮਿਲਦੇ ਹਨ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਵੇਦਾਂ ਦੇ ਉੱਪਰ ਦੱਸੇ ਚਾਰ ਭਾਗਾਂ ਦਾ ਸੰਬੰਧ ਇਨ੍ਹਾਂ ਚਾਰ ਆਸ਼੍ਰਮਾ ਨਾਲ ਕ੍ਰਮ ਵਾਰ ਹੈ। ਇਸ ਦਾ ਭਾਵ ਹੈ ਕਿ ਵੇਦਾਂ ਦੇ ਮੰਤਰ-ਭਾਗ ਦਾ ਅਧਿਐਨ ਬ੍ਰਹਮਚਾਰੀ ਕਰਦੇ ਸਨ। ਬ੍ਰਾਹਮਣ-ਗ੍ਰੰਥਾਂ ਦੇ ਅਨੁਸਾਰ ਕਰਮ-ਕਾਂਡ ਵਿੱਚ ਵਿਚਰਦੇ ਸਨ। ਆਰਣਿਅਕ-ਗ੍ਰੰਥਾਂ ਦੇ ਅਨੁਸਾਰ ਵਾਨਪ੍ਰਸਥੀ ਜੰਗਲ ਵਿੱਚ ਰਹਿ ਕੇ ਯੱਗ-ਸਾਧਨਾਂ ਅਤੇ ਆਤਮ-ਗਿਆਨ ਪ੍ਰਾਪਤੀ ਵਿੱਚ ਲੱਗੇ ਰਹਿੰਦੇ ਸਨ। ਸੰਨਿਆਸੀ ਉਪਨਿਸ਼ਦਾਂ ਦੇ ਅਨੁਸਾਰ ਆਤਮ-ਗਿਆਨ ਅਤੇ ਬ੍ਰਹਮ-ਗਿਆਨ ਪ੍ਰਾਪਤ ਕਰਕੇ ਅਧਿਆਤਮਕ-ਤੱਤ ਦਾ ਪ੍ਰਚਾਰ ਕਰਦੇ ਸਨ।

ਇਸ ਤਰ੍ਹਾਂ ਵੈਦਿਕ ਧਰਮ ਦੀਆਂ ਅਨੇਕ ਵਿਸ਼ੇਸ਼ਤਾਵਾਂ ਸਾਡੇ ਸਾਹਮਣੇ ਆਉਂਦੀਆਂ ਹਨ। ਇਹ ਧਰਮ ਲੌਕਿਕ ਉੱਨਤੀ ਦੇ ਨਾਲ ਨਾਲ ਪਰਲੋਕ ਵੱਲ ਵੀ ਧਿਆਨ ਦਿੰਦਾ ਸੀ। ਅਨੇਕ ਪ੍ਰਕਾਰ ਦੇ ਦੇਵੀ ਦੇਵਤਿਆਂ ਵਿੱਚ

ਵਿਸ਼ਵਾਸ ਰੱਖਦਾ ਹੋਇਆ ਵੀ ਇਕ ਈਸ਼ਵਰ ਜਾਂ ਇਕ ਸੱਤ ਵਿੱਚ ਵਿਸ਼ਵਾਸ ਰੱਖਦਾ ਸੀ। ਹਰੇਕ ਵਿਅਕਤੀ ਆਪਣੇ ਆਪਣੇ ਕਰਮ ਅਨੁਸਾਰ ਸਮਾਜ ਦੇ ਵਿਕਾਸ ਵਿੱਚ ਸਹਿਯੋਗ ਦਿੰਦਾ ਸੀ। ਇਹ ਧਰਮ ਪ੍ਰਕ੍ਰਿਤੀਵਾਦੀ ਹੋਣ ਦੇ ਨਾਲ ਨਾਲ ਰਹੱਸਵਾਦੀ ਵੀ ਪ੍ਰਤੀਤ ਹੁੰਦਾ ਹੈ, ਕਿਉਂਕਿ ਜਿਹੜੇ ਦੋ ਸੂਕਤਾਂ ਬਾਰੇ ਵਿਚਾਰ ਕਰਨਾ ਹੈ, ਉਨ੍ਹਾਂ ਵਿੱਚ ਰਹੱਸਵਾਦ ਭਰਿਆ ਹੋਇਆ ਹੈ। ਵੇਦਾਂ ਵਿੱਚ ਦੇਵਤਿਆਂ ਦੇ ਨਾਲ ਅਸੁਰਾਂ ਦੇ ਯੁੱਧਾਂ ਦੀਆਂ ਗੱਲਾਂ ਵੀ ਦੱਸੀਆਂ ਗਈਆਂ ਹਨ। ਪ੍ਰਤੀਕਾਤਮਕ ਢੰਗ ਨਾਲ ਇਹ ਯੁੱਧ ਮਨੁੱਖ ਦੀਆਂ ਬਿਰਤੀਆਂ ਦੀ ਪ੍ਰਤਿਨਿਧਤਾ ਕਰਦੇ ਹਨ, ਅਤੇ ਉਨ੍ਹਾਂ ਦੇ ਸੰਘਰਸ਼ ਦੇ ਪ੍ਰਤੀਕ ਹਨ ਜਿਨ੍ਹਾਂ ਵਿੱਚ ਦੈਵੀ ਬਿਰਤੀਆਂ ਦੇ ਵਿਕਾਸ ਦੀ ਭਾਵਨਾ ਭਰੀ ਹੋਈ ਹੈ। ਵੈਦਿਕ ਰਿਸ਼ੀ ਹਮੇਸ਼ਾ ਅੰਮ੍ਰਿਤ ਦੀ ਇੱਛਾ ਕਰਦੇ ਸਨ ਅਤੇ ਜਨਮ-ਮਰਨ ਦੇ ਚੱਕਰ ਤੋਂ ਛੁਟਕਾਰਾ ਪਾਉਣ ਦਾ ਯਤਨ ਕਰਦੇ ਸਨ। ਇਹ ਰਿਸ਼ੀ ਆਤਮਾ ਨੂੰ ਅਮਰ ਸਮਝਦੇ ਸਨ ਅਤੇ ਵਿਸ਼ਣੂ ਦੇ ਪਰਮ-ਧਾਮ ਜਾਂ ਪਰਮ-ਪਦ ਨੂੰ ਪ੍ਰਾਪਤ ਕਰਨ ਲਈ ਪ੍ਰਾਰਥਨਾ ਕਰਦੇ ਸਨ ਅਤੇ ਉਸ ਦੀ ਪ੍ਰਾਪਤੀ ਲਈ ਵੀ ਯਤਨ ਕਰਦੇ ਸਨ। ਪਰ ਸੰਸਾਰ ਵਿੱਚ ਸੌ ਸਾਲ ਤੱਕ ਸੁਖੀ ਰਹਿਣ ਦਾ ਪ੍ਰਯਤਨ ਵੀ ਕਰਦੇ ਸਨ। ਇਸ ਤਰ੍ਹਾਂ ਵੈਦਿਕ- ਧਰਮ ਹਰ ਪੱਖੋਂ ਸਮਾਜਿਕ ਉੱਨਤੀ ਦਾ ਸੰਕੇਤ ਕਰਦਾ ਹੈ। ਲੋਕ ਦੇ ਨਾਲ-ਨਾਲ ਪਰਲੋਕ ਦਾ ਵੀ ਧਿਆਨ ਰੱਖਦਾ ਹੈ। ਪੁਨਰ-ਜਨਮ ਦੇ ਸਿਧਾਂਤ ਵਿੱਚ ਵੀ ਇਹ ਵਿਸ਼ਵਾਸ ਰੱਖਦਾ ਹੈ, ਪਰ ਆਤਮਾ ਨੂੰ ਅਜਰ ਤੇ ਅਮਰ ਸਮਝਦਾ ਹੈ। ਇਹ ਧਰਮ ਕਰਮ-ਕਾਂਡ ਦੀ ਜੀਵਨ ਵਿੱਚ ਪ੍ਰਧਾਨਤਾ ਮੰਨਦੇ ਹੋਈ ਦੈਵੀ-ਸੱਤਾ ਵਿੱਚ ਪੂਰਾ ਵਿਸ਼ਵਾਸ਼ ਰੱਖਦਾ ਹੈ।

## ਨਾਸਦੀਯ-ਸੂਕਤ

### 1. ਪਰਿਚਯ :

ਨਾਸਦੀਯ-ਸੂਕਤ ਰਿਗਵੇਦ ਦੇ ਦਸਵੇਂ ਮੰਡਲ ਦਾ ਇਕ ਸੌ ਉਨੱਤੀਵਾਂ ਸੂਕਤ ਹੈ। ਇਸ ਸੂਕਤ ਵਿੱਚ ਕੁੱਲ ਸੱਤ ਮੰਤਰ ਹਨ, ਪਰ ਹਰੇਕ ਮੰਤਰ ਰਹੱਸ ਨਾਲ ਭਰਿਆ ਹੋਇਆ ਹੈ। ਇਹ ਸੂਕਤ ਵਿਸ਼ਵ ਦੀ ਰਚਨਾ ਤੋਂ ਪਹਿਲੋਂ ਦਾ ਵਰਣਨ ਕਰਦਾ ਹੈ ਅਤੇ ਨਾਲ ਹੀ ਲੋਕ ਦੀ ਰਚਨਾ ਬਾਰੇ ਵੀ ਦੱਸਦਾ ਹੈ। ਇਸ ਸੂਕਤ ਦੇ ਹਰੇਕ ਸ਼ਬਦ ਅਤੇ ਹਰੇਕ ਵਾਕ ਵਿੱਚ ਗੂੜ੍ਹਤਾ ਭਰੀ ਹੋਈ ਹੈ ਇਸ ਵਿੱਚ ਭੌਤਿਕ ਤੱਤਾਂ ਦੇ ਨਾਲ-ਨਾਲ ਅਧਿਆਤਮਿਕ ਤੱਤਾਂ ਦਾ ਵੀ ਸੰਕੇਤ ਮਿਲਦਾ ਹੈ ਅਤੇ ਭੌਤਿਕ ਲੋਕ ਤੋਂ ਪਰ੍ਹਾਂ ਕਿਸੇ ਪਰਮ ਲਕਸ਼ ਦਾ ਵਰਣਨ ਵੀ ਮਿਲਦਾ ਹੈ। ਇਸੇ ਸੂਕਤ ਵਿੱਚ ਮ੍ਰਿਤੂ ਅਤੇ ਅੰਮ੍ਰਿਤ ਲੋਕ ਤੋਂ ਪਰ੍ਹਾਂ ਕਿਸੇ ਪਰਮ ਲਕਸ਼ ਦਾ ਵਰਣਨ ਵੀ ਮਿਲਦਾ ਹੈ। ਇਸੇ ਸੂਕਤ ਵਿੱਚ ਮ੍ਰਿਤੂ ਅਤੇ ਅੰਮ੍ਰਿਤ ਦੀ ਗੱਲ ਵੀ ਕੀਤੀ ਗਈ ਹੈ ਅਤੇ ਪਰਮਸੱਤ ਦਾ ਸੰਕੇਤ ਵੀ ਕੀਤਾ ਗਿਆ ਹੈ। ਇਸੇ ਸੂਕਤ ਵਿੱਚ ਦੇਵਤਿਆਂ ਬਾਰੇ ਅਤੇ ਲੋਕ ਦੇ ਮਹੱਤਵ ਬਾਰੇ ਵੀ ਦੱਸਿਆ ਗਿਆ ਹੈ। ਇਹ ਸੂਕਤ ਵੈਦਿਕ ਰਿਸ਼ੀਆਂ ਦੇ ਗੂੜ੍ਹ ਗਿਆਨ ਦਾ ਵਿਸ਼ਲੇਸ਼ਣ ਬਹੁਤ ਸੰਖੇਪ ਵਿੱਚ ਕਰਦਾ ਹੈ। ਹੁਣ ਅਸੀਂ ਇਸ ਸੂਕਤ ਦੇ ਕੁਝ ਵਿਸ਼ੇਸ਼ ਪੱਖਾਂ ਦਾ ਆਪਣੀ ਬੁੱਧੀ ਦੇ ਅਨੁਸਾਰ ਅਤੇ ਮੂਲ-ਮੰਤਰਾਂ ਦੇ ਅਨੁਸਾਰ ਵਿਚਾਰ ਕਰਦੇ ਹਾਂ।

### 2. ਰਚਨਾ ਤੋਂ ਪਹਿਲੇ ਦੀ ਅਵਸਥਾ :

ਨਾਸਦੀਯ-ਸੂਕਤ ਦੇ ਪਹਿਲੇ ਤਿੰਨ ਮੰਤਰਾਂ ਦੇ ਕੁੱਝ ਭਾਗਾਂ ਵਿੱਚ ਜਗਤ ਦੀ ਰਚਨਾ ਤੋਂ ਪਹਿਲੇ ਦੀ ਪਰਲੋਂ ਦੀ ਅਵਸਥਾ ਦਾ ਵਰਣਨ ਕੀਤਾ ਗਿਆ ਹੈ। ਇਨ੍ਹਾਂ ਮੰਤਰਾਂ ਵਿੱਚ ਇਹ ਕਿਹਾ ਹੈ ਕਿ ਉਸ ਪਰਲੋ-ਕਾਲ ਵਿੱਚ ਨਾ ਤਾਂ ਅਸੱਤ ਸੀ, ਨਾ ਸੱਤ, ਨਾ ਲੋਕ ਸੀ, ਨਾ ਉੱਪਰ ਵਾਲਾ ਆਕਾਸ਼ ਸੀ ਅਤੇ ਨਾ ਹੀ ਡੂੰਘੇ ਪਾਣੀਵਾਲਾ ਸਮੁੰਦਰ ਸੀ। ਉਸ ਵੇਲੇ ਨਾ ਮ੍ਰਿਤੂ ਸੀ, ਨਾ ਅੰਮ੍ਰਿਤ ਸੀ, ਨਾ ਰਾਤ ਸੀ, ਨਾ ਦਿਨ ਸੀ, ਪਰ ਉਸ ਵੇਲੇ ਗੂੜ੍ਹ ਅੰਧਕਾਰ ਸੀ ਅਤੇ ਉਹ ਅੰਧਕਾਰ ਨਾਲ ਹੀ ਢਕਿਆ ਹੋਇਆ ਸੀ। ਇਥੇ 'ਅਸੱਤ' ਦਾ ਅਰਥ ਅਵਿਦਿਅਕ ਜਾਂ ਪ੍ਰਕ੍ਰਿਤਿਕ ਹੋ ਸਕਦਾ ਹੈ, ਕਿਉਂਕਿ 'ਸੱਤ' ਦਾ ਅਰਥ 'ਅਭਿਵਿਅਕਤੀ' ਵੀ ਹੁੰਦਾ ਹੈ। ਇਸ ਦਾ ਭਾਵ ਇਹ ਹੈ, ਜਗਤ ਦੀ ਰਚਨਾ ਤੋਂ ਪਹਿਲਾਂ ਭੌਤਿਕ ਤੱਤਾਂ ਦਾ ਮੂਲ ਕਾਰਣ ਪ੍ਰਕ੍ਰਿਤੀ ਨਹੀਂ ਸੀ ਅਤੇ ਨਾ ਹੀ ਉਸ ਦੇ ਤੱਤਾਂ ਦੀ ਅਭਿਵਿਅਕਤੀ ਹੋਈ ਸੀ। ਮੈਕਡਾਨਲ ਨੇ 'ਅਸੱਤ' ਦਾ ਅਰਥ 'ਅਣਹੋਂਦ' ਅਤੇ 'ਸੱਤ' ਦਾ ਅਰਥ ਹੋਂਦ' ਕੀਤਾ ਹੈ : ਪਰ ਇਹ ਅਰਥ ਠੀਕ ਹੈ, ਕਿਉਂਕਿ ਇਸੇ ਸੂਕਤ ਵਿਚ ਅੱਗੇ ਕਈ ਤੱਤਾਂ ਦੀ ਹੋਂਦ ਦੱਸੀ ਗਈ ਹੈ। ਇਸ ਕਰਕੇ 'ਅਸੱਤ' ਦਾ ਅਰਥ ਅਵਿਅਕਤ ਜਾਂ ਪ੍ਰਕ੍ਰਿਤੀ ਠੀਕ ਹੈ ਅਤੇ 'ਸੱਤ ਦਾ ਅਰਥ 'ਵਿਅਕਤ' ਠੀਕ ਹੈ। ਜਗਤ ਦੀ ਰਚਨਾ ਤੋਂ ਪਹਿਲੋਂ ਇਹ ਦੋਨੋਂ ਨਹੀਂ ਸਨ। ਲੋਕ ਅਤੇ ਆਕਾਸ਼ ਵੀ ਨਹੀਂ ਸਨ ਕਿਉਂਕਿ ਇਨ੍ਹਾਂ

ਦਾ ਸੰਬੰਧ ਪ੍ਰਕ੍ਰਿਤੀ ਨਾਲ ਹੈ। ਇਸੇ ਤਰ੍ਹਾਂ ਸਮੁੰਦਰ ਵੀ ਨਹੀਂ ਸੀ, ਕਿਉਂਕਿ ਇਹ ਪ੍ਰਕ੍ਰਿਤੀ ਦਾ ਵਿਕਸਿਤ ਰੂਪ ਹੈ। 'ਮ੍ਰਿਤੂ' ਦਾ ਅਰਥ ਇੱਥੇ ਦੇਵਤਾ ਵੀ ਹੋ ਸਕਦਾ ਹੈ ਅਤੇ 'ਅੰਮ੍ਰਿਤ' ਦਾ ਅਰਥ 'ਦੇਵਤਾ' ਹੋ ਸਕਦਾ ਹੈ ਕਿਉਂਕਿ ਉਸ ਵੇਲੇ ਨਾ ਮਰਣ ਵਾਲੇ ਸਨ ਅਤੇ ਨਾ ਹੀ ਮਾਰਣ ਵਾਲਾ ਸੀ। ਦੇਵਤਾ ਮ੍ਰਿਤੂ ਤੋਂ ਰਹਿਤ ਹੁੰਦੇ ਸਨ। ਇਸ ਲਈ ਉਨ੍ਹਾਂ ਨੂੰ 'ਅੰਮ੍ਰਿਤ' ਕਿਹਾ ਜਾ ਸਕਦਾ ਹੈ। ਜੇ 'ਅੰਮ੍ਰਿਤ' ਦਾ ਅਰਥ ਦੈਵੀ ਰਸ ਕਰ ਲਈਏ ਤਾਂ ਉਹ ਵੀ ਨਹੀਂ ਸੀ। ਇਸ ਅੰਮ੍ਰਿਤ ਦਾ ਸੰਬੰਧ ਵੀ ਦੇਵਤਿਆਂ ਨਾਲ ਹੁੰਦਾ ਹੈ, ਪਰ ਦੇਵਤਾ ਤਾਂ ਉਸ ਵੇਲੇ ਪੈਦਾ ਹੀ ਨਹੀਂ ਹੋਏ ਸਨ। ਇਹ ਗੱਲ ਇਸੇ ਸੂਕਤ ਵਿੱਚ ਅੱਗੇ ਕੀਤੀ ਗਈ ਹੈ।

## 3. ਮਾਇਆ ਅਤੇ ਬ੍ਰਹਮ ਦੀ ਹੋਂਦ :

ਜਗਤ ਦੀ ਰਚਨਾ ਤੋਂ ਪਹਿਲਾਂ ਸੱਤ, ਅਸੱਤ ਆਕਾਸ਼ ਆਦਿ ਕੁੱਝ ਨਹੀਂ ਸੀ, ਪਰ ਇਸ ਸੂਕਤ ਦੇ ਦੂਜੇ ਮੰਤਰ ਵਿੱਚ ਕਿਹਾ ਹੈ ਕਿ ਭਾਵੇਂ ਹੋਰ ਕੁਝ ਨਹੀਂ ਸੀ, ਪਰ ਇਕ ਤੱਤ ਹੈ ਸੀ, ਇਹ ਆਪਣੀ ਸੁਧਾਂ ਦੇ ਨਾਲ ਸੀ ਅਤੇ ਬਿਨ੍ਹਾਂ ਹਵਾ ਤੋਂ ਸਾਂਹ ਲੈਂਦਾ ਸੀ। ਇਹ ਗੱਲ ਬੜੀ ਰਹੱਸ ਭਰੀ ਲੱਗਦੀ ਹੈ ਕਿਉਂਕਿ ਹਵਾ ਤੋਂ ਬਿਨ੍ਹਾਂ ਸਾਂਹ ਲੈਣ ਵਾਲਾ ਕੌਣ ਹੋ ਸਕਦਾ ਹੈ ਅਤੇ ਉਸ ਵਿਚ ਜਿਹੜਾ 'ਸ੍ਵਧਾ' ਸੀ, ਉਹ ਕੀ ਸੀ? ਇਕ ਵਾਕ ਦੀ ਵਿਆਖਿਆ ਵਿੱਚ ਸਾਯਣ ਆਚਾਰੀਆ ਨੇ ਉਸ ਇਕ ਤੱਤ ਨੂੰ ਬ੍ਰਹਮ ਅਤੇ 'ਸ੍ਵਧਾ' ਨੂੰ ਮਾਇਆ ਕਿਹਾ ਹੈ, ਕਿਉਂਕਿ ਮਾਇਆ ਬ੍ਰਹਮ ਦੀ ਸ਼ਕਤੀ ਹੈ। ਉਹ ਬ੍ਰਹਮ ਦੇ ਵਿਚ ਵਰਤਦੀ ਹੈ। ਉਪਨਿਸ਼ਦਾਂ ਦੇ ਅਨੁਸਾਰ ਇਸ ਬ੍ਰਹਮ ਤੋਂ ਹੀ ਜਗਤ ਦੀ ਅਭਿਵਿਅਕਤੀ ਹੋਈ ਹੈ। ਇਸ ਅਭਿਵਿਅਕਤੀ ਦਾ ਮੂਲ ਆਧਾਰ ਅਤੇ ਮੂਲ ਕਾਰਣ ਬ੍ਰਹਮ ਜਾਂ ਆਤਮਾ ਹੀ ਹੈ। ਇਸ ਪ੍ਰਸੰਗ ਦੇ ਪੂਰੇ ਵਾਕ ਵਿੱਚ ਇਹ ਕਿਹਾ ਹੈ ਕਿ ਉਹ ਇਕ ਸ੍ਵਧਾ ਸਹਿਤ ਬਿਨ੍ਹਾਂ ਹਵਾ ਦੇ ਸਾਹ ਲੈਂਦਾ ਸੀ ਅਤੇ ਉਸ ਤੋਂ ਪਰ੍ਹਾਂ ਕੁੱਝ ਵੀ ਨਹੀਂ ਸੀ। ਇਸ ਦਾ ਭਾਵ ਇਹ ਹੈ ਉਹ ਤੱਤ ਇਕੱਲਾ ਹੀ ਸੀ। ਐਤਰੇਯ ਉਪਨਿਸ਼ਦ ਦੇ ਪਹਿਲੇ ਵਾਕ ਵਿੱਚ ਕਿਹਾ ਹੈ ਕਿ ਪਹਿਲੇ ਕੇਵਲ ਇਕ ਆਤਮਾ ਸੀ ਅਤੇ ਹੋਰ ਕੁਝ ਨਹੀਂ ਸੀ। ਇਸ ਕਰਕੇ ਇਸ ਤੱਤ ਨੂੰ ਆਤਮਾ ਵੀ ਕਿਹਾ ਜਾ ਸਕਦਾ ਹੈ, ਕਿਉਂਕਿ ਇਸ ਤੱਤ ਦਾ ਇੱਥੇ ਕੋਈ ਨਾਮ ਨਹੀਂ ਦੱਸਿਆ ਗਿਆ, ਪਰ ਉਸ ਦੀ ਹੋਂਦ ਬਾਰੇ ਹੀ ਕਿਹਾ ਗਿਆ ਹੈ।

ਇਸੇ ਸੂਕਤ ਦੇ ਤੀਜੇ ਮੰਤਰ ਵਿੱਚ ਕਿਹਾ ਹੈ ਕਿ ਜਿਹੜਾ 'ਤੁੱਛ' ਨਾਲ ਢੱਕਿਆ ਹੋਇਆ ਸੀ, ਉਹ ਇਕ ਆਪਣੇ ਤਪ ਨਾਲ ਵੱਡਾ ਹੋ ਕੇ ਪ੍ਰਗਟ ਹੋਇਆ। ਇਥੇ ਵੀ ਸਾਯਣ ਆਚਾਰੀਆਂ ਨੇ 'ਤੁੱਛ' ਦਾ ਅਰਥ 'ਮਾਇਆ' ਹੀ ਕੀਤਾ ਹੈ, ਕਿਉਂਕਿ ਅਦਵੈਦ-ਵੇਦਾਂਤ ਵਿੱਚ ਮਾਇਆ ਨੂੰ ਹੀ 'ਤੁੱਛ' ਕਹਿੰਦੇ ਹਨ। ਉਪਨਿਸ਼ਦ ਵਿੱਚ ਆਤਮਾ ਦੇ 'ਤਪ' ਦੀ ਗੱਲ ਆਉਂਦੀ ਹੈ ਅਤੇ ਸ਼ੰਕਰਾਚਾਰੀਆ ਨੇ ਇਸ 'ਤਪ' ਦਾ ਅਰਥ ਗਿਆਨ-ਰੂਪ ਤਪ ਜਾਂ ਵਿਚਾਰ-ਰੂਪ ਤਪ ਕੀਤਾ ਹੈ ਅਰਥਾਤ ਜਗਤ ਦੀ ਰਚਨਾ ਦਾ ਵਿਚਾਰ ਹੀ ਆਤਮ-ਤੱਤ ਦਾ ਤਪ ਕਿਹਾ ਜਾਂਦਾ ਹੈ। ਪਰ ਇਸ ਸੂਕਤ ਦੇ ਆਖਰੀ ਮੰਤਰ ਵਿੱਚ ਇਸ ਸ੍ਰਿਸ਼ਟੀ ਦੇ 'ਅਧਿਅਕਸ਼' ਦੇ ਬਾਰੇ ਕਿਹਾ ਗਿਆ ਹੈ ਜਿਹੜਾ ਪਰਮ-ਵਿਯੋਮ ਜਾਂ ਪਰਮ-ਆਕਾਸ਼ ਵਿੱਚ ਰਹਿੰਦਾ ਹੈ। ਇੱਥੇ ਇਹ ਪ੍ਰਤੀਤ ਹੁੰਦਾ ਹੈ ਕਿ ਪਰਮ-ਆਕਾਸ਼ ਭੌਤਿਕ ਆਕਾਸ਼ ਤੋਂ ਵੱਖਰਾ ਹੈ, ਜਿਸ ਤੇ ਜਗਤ ਦੀ ਰਚਨਾ ਜਾਂ ਵਿਨਾਸ਼ ਦਾ ਕੋਈ ਅਸਰ ਨਹੀਂ ਹੁੰਦਾ ਅਤੇ ਸੂਰਜ ਆਦਿ ਉਸ ਨੂੰ ਪ੍ਰਭਾਵਿਤ ਨਹੀਂ ਕਰ ਸਕਦੇ। ਉਸ ਪਰਮ-ਆਕਾਸ਼ ਵਿੱਚ ਜਿਹੜਾ 'ਅਧਿਅਕਸ਼' ਰਹਿੰਦਾ ਹੈ, ਉਹ ਪਾਰਬ੍ਰਹਮ ਹੀ ਹੋ ਸਕਦਾ ਹੈ ਕਿਉਂਕਿ ਉਹ ਵਿਸ਼ਵ ਅਤੇ ਮਾਇਆ ਦੇ ਪ੍ਰਪੰਚ ਤੋਂ ਪਰ੍ਹਾਂ ਹੈ। ਸਾਰੇ ਵੇ ਦਾਂ ਵਿੱਚ ਵਿਸ਼ਨੂ ਦੇ 'ਪਰਮ-ਪਦ' ਬਾਰੇ ਕਿਹਾ ਗਿਆ ਹੈ। ਤੈਤਿਰੀਯ-ਸੰਹਿਤਾ ਵਿੱਚ ਵਿਸ਼ਨੂ ਨੂੰ ਦੇਵਤਿਆਂ ਵਿੱਚ ਪਰਮ-ਦੇਵਤਾ ਕਿਹਾ ਗਿਆ (5.5.1.4.)। ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਨਾਸਦੀਯ-ਯੁਕਤ ਦਾ ਪਰਮ-ਵਿਯੋਮ ਅਤੇ ਵਿਸ਼ਨੂ ਸੂਕਤ ਦਾ ਪਰਮ-ਪੱਦ ਇਕੋ ਸਥਾਨ ਜਾਂ ਅਵਸਥਾ ਦਾ ਨਿਰਦੇਸ਼ ਕਰਦੇ ਹਨ। ਜੇ ਪਰਮ-ਵਿਓਮ ਵਿੱਚ ਨਿਵਾਸ ਕਰਨ ਵਾਲਾ ਅਧਿਅਕਸ਼ ਅਤੇ ਵਿਸ਼ਨੂ ਵਿੱਚ ਇਕਰੂਪਤਾ ਮੰਨ ਲਈ ਜਾਵੇ ਤਾਂ ਗਲਤ ਨਹੀਂ ਹੋਵੇਗਾ ਕਿਉਂਕਿ ਕਠ ਉਪਨਿਸ਼ਦ ਵਿੱਚ ਵੀ ਵਿਸ਼ਨੂ ਦੇ ਪਰਮ-ਪਦ ਦੀ ਗੱਲ ਕੀਤੀ ਹੈ। ਇਹ ਵਿਸ਼ਨੂ ਆਤਮਾ ਦਾ ਹੀ ਰੂਪ ਹੈ। ਇਸ ਦਾ ਕਾਰਣ ਹੈ ਕਿ 'ਆਤਮਾ' ਸ਼ਬਦ ਅਤੇ ਵਿਸ਼ਨੂ ਸ਼ਬਦ ਦਾ ਇਕੋ ਹੀ ਅਰਥ 'ਵਿਆਪਕ' ਹੈ। ਉਪਨਿਸ਼ਦਾ ਵਿੱਚ ਕਈ ਵਾਰੀ ਆਤਮਾ ਨੂੰ ਹੀ ਬ੍ਰਹਮ ਕਿਹਾ ਗਿਆ ਹੈ। ਇਸ ਕਰਕੇ ਵਿਦਵਾਨਾਂ ਦਾ ਮੱਤ ਹੈ ਕਿ ਇਸ ਸੂਕਤ ਵਿੱਚ ਪਰੋਖ ਰੂਪ ਵਿੱਚ ਬ੍ਰਹਮ ਅਤੇ ਮਾਇਆ ਦੇ ਬਾਰੇ ਵਿਚਾਰ ਕੀਤਾ

ਗਿਆ ਹੈ, ਕਿਉਂਕਿ 'ਸੁਧਾ' ਅਤੇ 'ਤੁੱਛ' ਸ਼ਬਦਾਂ ਦਾ ਅਰਥ ਮਾਇਆ ਕੀਤਾ ਗਿਆ ਹੈ ਅਤੇ ਜਿਸ 'ਇਕ' ਤੱਤ ਬਾਰੇ ਕਿਹਾ ਗਿਆ ਹੈ, ਉਹੀ ਬ੍ਰਹਮ ਹੈ। ਜਗਤ ਦੀ ਰਚਨਾ ਤੋਂ ਪਹਿਲੋਂ ਬ੍ਰਹਮ ਵਿੱਚ ਹੀ ਮਾਇਆ ਦੀ ਹੋਂਦ ਮੰਨੀ ਜਾਂਦੀ ਹੈ।

## 4. ਜਗਤ ਦੀ ਰਚਨਾ ਤੇ ਵਿਚਾਰ :

ਪਹਿਲੇ ਇਸ ਸੂਕਤ ਦੀ ਵਿਆਖਿਆ ਵਿੱਚ ਜਗਤ ਦੀ ਰਚਨਾ ਤੋਂ ਪਹਿਲੋਂ ਦੀ ਅਵਸਥਾ ਬਾਰੇ ਦੱਸ ਚੁੱਕੇ ਹਾਂ ਉਸ ਵੇਲੇ ਕੇਵਲ ਅੰਧਕਾਰ ਹੀ ਅੰਧਕਾਰ ਸੀ। ਸੂਰਜ ਆਦਿ ਨਾ ਹੋਣ ਕਰਕੇ ਦਿਨ ਰਾਤ ਦਾ ਕੋਈ ਭੇਦ ਨਹੀਂ ਸੀ। ਜਿਹੜਾ ਇਕ ਤੱਤ ਉਸ ਅੰਧਕਾਰ ਵਿੱਚ ਵਰਤਮਾਨ ਸੀ, ਉਸੇ ਵਿੱਚ ਸਭ ਕੁਝ ਲੀਨ ਸੀ, ਅਰਥਾਤ ਸ੍ਰਿਸ਼ਟੀ ਦੇ ਬੀਜ ਉਸੇ ਵਿੱਚ ਗੁਪਤ ਰੂਪ ਵਿੱਚ ਵਰਤਮਾਨ ਸਨ। ਇਸੇ ਸੂਕਤ ਦੇ ਤੀਜੇ ਮੰਤਰ ਵਿੱਚ ਕਿਹਾ ਗਿਆ ਹੈ ਕਿ ਜਗਤ ਦੀ ਰਚਨਾ ਤੋਂ ਪਹਿਲੋਂ ਜਦੋਂ ਅੰਧਕਾਰ ਅਗਿਆਨ ਨਾਲ ਢੱਕਿਆ ਹੋਇਆ ਸੀ। ਉਸ ਵੇਲੇ ਸਭ ਪਾਸੇ 'ਅਗਿਆਤ ਸਲਿਲੈ ਸੀ। ਆਮ ਭਾਸ਼ਾ ਵਿੱਚ 'ਸਲਿਲ' ਸ਼ਬਦ ਦਾ ਅਰਥ ਪਾਣੀ ਹੁੰਦਾ ਹੈ। ਇਸੇ ਕਰਕੇ ਇਹ ਵੀ ਮੰਨਿਆ ਜਾਂਦਾ ਹੈ ਕਿ ਪਰਲੋ-ਕਾਲ ਵਿੱਚ ਸਭ ਪਾਸੇ ਪਾਣੀ ਹੀ ਪਾਣੀ ਹੁੰਦਾ ਹੈ। ਇਸ ਵਿਚਾਰ ਦਾ ਸੰਬੰਧ ਖੰਡਪਰਲੋ ਨਾਲ ਹੋ ਸਕਦਾ ਹੈ, ਪਰ ਮਹਾਪਰਲੋ ਨਾਲ ਨਹੀਂ ਹੋ ਸਕਦਾ। ਨਾਸਦੀਯ-ਸੂਕਤ ਮਹਾਪਰਲੋ ਦਾ ਸਰੂਪ ਹੀ ਦੱਸਦਾ ਹੈ। ਇਸ ਸੂਕਤ ਦੇ ਪਹਿਲੇ ਮੰਤਰ ਵਿੱਚ ਪਾਣੀ ਦੀ ਅਣਹੋਂਦ ਦੱਸੀ ਗਈ ਹੈ। ਇਸ ਕਰਕੇ ਇੱਥੇ 'ਸਲਿਲੇ' ਸ਼ਬਦ ਦਾ ਅਰਥ ਕਰਕੇ 'ਪਾਣੀ' ਨਹੀਂ ਹੋ ਸਕਦਾ। ਇਸੇ ਕਰਕੇ ਇਹ ਵੀ ਮੰਨਿਆ ਜਾਂਦਾ ਹੈ ਕਿ ਪਰਲੋ-ਕਾਲ ਵਿੱਚ ਸਭ ਪਾਸੇ ਪਾਣੀ ਹੀ ਪਾਣੀ ਹੁੰਦਾ ਹੈ। ਇਸ ਵਿਚਾਰ ਦਾ ਸੰਬੰਧ ਖੰਡਪਰਲੋ ਨਾਲ ਹੋ ਸਕਦਾ ਹੈ, ਪਰ ਮਹਾਪਰਲੋ ਨਾਲ ਨਹੀਂ ਹੋ ਸਕਦਾ।

ਨਾਸਦੀਯ-ਸੂਕਤ ਮਹਾਪਰਲੋ ਦਾ ਸਰੂਪ ਹੀ ਦੱਸਦਾ ਹੈ। ਇਸ ਸੂਕਤ ਦੇ ਪਹਿਲੇ ਮੰਤਰ ਵਿੱਚ ਪਾਣੀ ਦੀ ਅਣਹੋਂਦ ਦੱਸੀ ਗਈ ਹੈ। ਇਸ ਕਰਕੇ ਇੱਥੇ 'ਸਲਿਲ' ਸ਼ਬਦ ਦਾ ਅਰਥ 'ਪਾਣੀ' ਨਹੀਂ ਹੋ ਸਕਦਾ। ਇਸੇ ਕਰਕੇ ਸਾਯਣ ਨੇ ਇਸ ਸ਼ਬਦ ਦਾ ਅਰਥ ਸੱਤ ਭਾਵ ਲੀਨ ਕੀਤਾ ਹੈ। ਅਰਥਾਤ ਜਗਤ ਦੀ ਰਚਨਾ ਤੋਂ ਪਹਿਲਾਂ ਸਭ ਕੁੱਝ ਅਗਿਆਤ ਸੱਤ ਦੇ ਵਿੱਚ ਲੀਨ ਸੀ। ਫਿਰ ਉਸ ਸੱਤ-ਤੱਤ ਜਾਂ ਬ੍ਰਹਮ-ਤੱਤ ਵਿੱਚੋਂ ਹੀ ਜਗਤ ਦੀ ਰਚਨਾ ਦਾ ਆਰੰਭ ਹੋਇਆ। ਸਭ ਤੋਂ ਪਹਿਲੇ ਉਸ ਅਗਿਆਤ-ਤੱਤ ਵਿੱਚ ਜਗਤ ਦੀ ਰਚਨਾ ਦੀ ਇੱਛਾ ਪੈਦਾ ਹੋਈ। ਪਰ ਇੱਛਾ ਤਾਂ ਤਨ ਮਨ ਵਿੱਚ ਹੁੰਦੀ ਹੈ, ਇਸ ਲਈ ਇਸ ਸੂਕਤ ਦੇ ਚੌਥੇ ਮੰਤਰ ਵਿਚ ਕਿਹਾ ਹੈ, ਕਿ ਉਸ ਤੱਤ ਵਿੱਚ ਹੀ ਮਨ ਦਾ ਪਹਿਲਾ ਬੀਜ ਸੀ, ਇਸੇ ਕਾਰਨ ਉਸ ਵਿੱਚ ਇੱਛਾ ਪੈਦਾ ਹੋਈ। ਮਨੀਸ਼ੀ ਕਵੀਆਂ ਜਾਂ ਰਿਸ਼ੀਆਂ ਨੂੰ ਆਪਣੇ ਹਿਰਦੇ ਵਿੱਚ ਸੱਤ ਜਾਂ ਜਗਤ ਦੇ ਬੰਧੂ ਜਾਂ ਮਨ ਨੂੰ ਅਸੱਤ ਜਾਂ ਅਵਿਅਕਤ-ਤੱਤ ਵਿੱਚ ਵੇ ਖਿਆ। ਉਸ ਅਗਿਆਤ-ਤੱਤ ਵਿਚੋਂ ਫਿਰ ਕਿਰਣਾਂ ਫੁੱਟਣ ਲੱਗ ਪਈਆਂ, ਅਤੇ ਉਹ ਕਿਰਣਾਂ ਹੇਠਾਂ, ਉੱਪਰ ਅਤੇ ਸਭ ਪਾਸੇ ਫੈਲ ਗਈਆਂ। ਉਸ ਤੱਤ ਵਿੱਚ ਹੀ ਸਾਰੇ ਪਦਾਰਥ ਅਤੇ ਤੱਤਾਂ ਦੇ ਬੀਜ ਸਨ। ਉਸ ਵਿੱਚ ਹੀ ਸਾਰੇ ਮਹਿਮਾ ਵਾਲੇ ਦੇਵ ਆਦਿ ਸਨ। ਜਗਤ ਦੀ ਰਚਨਾ ਵੇਲੇ ਹੇਠਾਂ 'ਸ੍ਵਧਾ' ਜਾਂ ਮਾਇਆਸ ਸੀ, ਅਤੇ ਉਸ ਦੇ ਉੱਪਰ ਜਾਂ ਉਸ ਤੋਂ ਉੱਪਰ ਆਤਮਦਾਨ ਸੀ ਜੋ ਮਹਿਮਾ ਜਾਂ ਸ੍ਰਿਸ਼ਟੀ ਦਾ ਕਰਤਾ ਸੀ। ਇਸ ਤਰ੍ਹਾਂ ਉਸ ਅਗਿਆਤ-ਤੱਤ ਵਿਚੋਂ ਹੀ ਸਾਰੇ ਦੇਵਤਿਆਂ ਦੀ, ਪ੍ਰਾਣੀਆਂ ਦੀ ਅਤੇ ਸਾਰੇ ਪਦਾਰਥਾਂ ਦੀ ਰਚਨਾ ਹੋ ਗਈ, ਕਿਉਂਕਿ ਉਸ ਵਿੱਚ ਹੀ ਸਭ ਦੇ ਬੀਜ ਸਨ।

## 5. ਰਚਨਾ ਦੀ ਗੂੜ੍ਹਤਾ ਤੇ ਵਿਚਾਰ :

ਇਸ ਸੂਕਤ ਦੇ ਆਖਰੀ ਦੋ ਮੰਤਰਾਂ ਵਿੱਚ ਕਿਹਾ ਹੈ, ਕਿ ਕੌਣ ਜਾਣਦਾ ਹੈ ਅਤੇ ਕੌਣ ਕਹਿ ਸਕਦਾ ਹੈ, ਕਿ ਇਹ ਸਭ ਕੁਝ ਕਿੱਥੋ ਆਇਆ ਹੈ? ਇਹ ਸ੍ਰਿਸ਼ਟੀ ਕਿਵੇਂ ਹੋਈ ਹੈ? ਦੇਵਤਿਆਂ ਦੀ ਰਚਨਾ ਵੀ ਇਸ ਸ੍ਰਿਸ਼ਟੀ ਰਚਨਾ ਤੋਂ ਬਾਅਦ ਹੋਈ ਹੈ। ਇਸ ਲਈ ਦੇਵਤਿਆਂ ਨੂੰ ਵੀ ਇਹ ਪਤਾ ਨਹੀਂ ਕਿ ਇਹ ਸ੍ਰਿਸ਼ਟੀ ਕਿਥੋਂ ਹੋਈ ਹੈ? ਕਿਵੇਂ ਹੋਈ ਹੈ? ਇਹ ਸ੍ਰਿਸ਼ਟੀ ਕਿਥੋਂ ਆਈ ਹੈ? ਕੋਈ ਇਸ ਨੂੰ ਧਾਰਣ ਕਰਦਾ ਹੈ ਜਾਂ ਨਹੀਂ ਸ਼ਾਇਦ ਉਹ ਵੀ ਇਸ ਦੇ ਬਾਰੇ ਜਾਣਦਾ ਹੈ ਜਾਂ ਨਹੀਂ ਜਾਣਦਾ, ਇਸ ਦਾ ਸਾਨੂੰ ਕੋਈ ਗਿਆਨ ਨਹੀਂ। ਇਸ ਤਰ੍ਹਾਂ ਇਸ ਸੂਕਤ ਦੇ ਆਖਰੀ ਦੋ ਮੰਤਰਾਂ ਵਿੱਚ ਜਗਤ ਰਚਨਾ ਗੂੜ੍ਹਤਾ ਦੱਸੀ ਗਈ ਹੈ ਅਤੇ ਇਹ ਗੱਲ ਬਿਲਕੁਲ

ਸਪੱਸ਼ਟ ਕਹੀ ਗਈ ਹੈ, ਕਿ ਇਸ ਰਚਨਾ ਦੇ ਰਹੱਸ ਨੂੰ ਦੇਵਤਾ ਵੀ ਨਹੀਂ ਜਾਣਦੇ। ਕਹਿਣ ਦਾ ਭਾਵ ਇਹ ਹੈ, ਕਿ ਕੋਈ ਰਿਸ਼ੀ, ਮੁਨੀ, ਗਿਆਨੀ, ਧਿਆਨੀ, ਮਨੁੱਖ, ਦੇਵਤਾ ਆਦਿ ਇਹ ਨਹੀਂ ਜਾਣ ਸਕਦੇ, ਕਿ ਇਸ ਜਗਤ ਦੀ ਰਚਨਾ ਕਿਸ ਨੇ ਕੀਤੀ ਹੈ ਅਤੇ ਕਿਵੇਂ ਕੀਤੀ ਹੈ, ਕਿਉਂਕਿ ਸਾਡੇ ਸਾਹਮਣੇ ਤਾਂ ਕੇਵਲ ਰਚਨਾ ਹੀ ਹੈ ਅਤੇ ਇਸ ਦਾ ਉਪਾਦਨ-ਕਾਰਣ ਅਤੇ ਨਿਮਿਤ-ਕਾਰਣ ਬਿਲਕੁਲ ਅਗਿਆਤ ਹਨ। ਪਰ ਇਸ ਗੱਲ ਦਾ ਗਿਆਨ ਇਸ ਸੂਕਤ ਦੇ ਆਖਰੀ ਭਾਗ ਵਿਚੋਂ ਹੁੰਦਾ ਹੈ, ਕਿ ਇਸ ਦਾ ਕੋਈ ਅਧਿਅਕਸ਼ ਜਾਂ ਉਪਰੋਂ ਵੇਖਣ ਵਾਲਾ ਹੈ, ਜਿਹੜਾ ਪਰਮ ਆਕਾਸ਼ ਵਿੱਚ ਰਹਿੰਦਾ ਹੈ। ਇਸ ਦਾ ਕੋਈ ਨਾਮ ਜਾਂ ਰੂਪ ਜਾਂ ਕੋਈ ਆਕਾਰ-ਪ੍ਰਕਾਰ ਇੱਥੇ ਨਹੀਂ ਦੱਸਿਆ ਗਿਆ। ਇਸ ਤਰ੍ਹਾਂ ਜਗਤ ਦੀ ਰਚਨਾ ਦੀ ਗੂੜ੍ਹਤਾ ਇਸ ਸੂਕਤ ਦੇ ਅੰਤ ਵਿੱਚ ਦੱਸੀ ਗਈ ਹੈ।

### 6. ਨਿਸ਼ਕਰਸ਼ :

ਕੁੱਲ ਸੱਤ ਮੰਤਰਾਂ ਵਾਲਾ ਸੂਕਤ ਰਹੱਸ ਨਾਲ ਭਰਿਆ ਹੋਇਆ ਹੈ। ਇਸ ਸੂਕਤ ਦੇ ਹਰ ਸ਼ਬਦ ਅਤੇ ਵਾਕ ਵਿੱਚ ਰਹੱਸ ਹੈ। ਇਹੀ ਕਾਰਣ ਹੈ ਕਿ ਇਸ ਸੂਕਤ ਦੀ ਗਿਣਤੀ ਰਿਗਵੇਦ ਦੇ ਪ੍ਰਧਾਨ ਸੂਕਤਾਂ ਵਿੱਚ ਕੀਤੀ ਜਾਂਦੀ ਹੈ। ਹਰੇਕ ਵਿਚਾਰਕ ਇਸ ਸੂਕਤ ਦੀ ਵਿਆਖਿਆ ਆਪਣੇ-ਆਪਣੇ ਢੰਗ ਨਾਲ ਕਰਦਾ ਹੈ। ਇਸ ਛੋਟੇ ਜਿਹੇ ਸੂਕਤ ਵਿੱਚ ਦਰਸ਼ਨ-ਸ਼ਾਸਤਰ, ਰਹੱਸਵਾਦ, ਸ੍ਰਿਸ਼ਟੀ-ਵਿਗਿਆਨ ਆਦਿ ਅਨੇਕ ਸਮੱਸਿਆਵਾਂ ਭਰੀਆਂ ਹੋਈਆਂ ਹਨ। ਇਸ ਸੂਕਤ ਵਿੱਚ ਸੱਤ, ਅਸੱਤ, ਜਗਤ, ਪਰਲੋ, ਮ੍ਰਿਤੂ, ਤਮਸ, ਦੇਵਤਾ, ਮਨ, ਹਿਰਦੇ, ਬੁੱਧੀ, ਮਾਇਆ, ਬ੍ਰਹਮ ਆਦਿ ਬਾਰੇ ਜੋ ਕੁੱਝ ਵੀ ਕਿਹਾ ਗਿਆ ਹੈ, ਉਹ ਸਭ ਵਿਚਾਰਣ-ਯੋਗ ਹੈ। ਇਸ ਸੂਕਤ ਵਿੱਚ ਮੂਲ-ਤੱਤ ਦੀ ਏਕਤਾ ਅਤੇ ਅਨੇਕਤਾ ਬਾਰੇ ਵੀ ਸੰਕੇਤ ਮਿਲਦੇ ਹਨ। ਪਰਮ-ਆਕਾਸ਼ ਵਿੱਚ ਇਸ ਲੋਕ ਦੇ ਅਧਿਅਕਸ਼ ਦੀ ਹੋਂਦ ਵੀ ਰਹੱਸਪੂਰਣ ਹੀ ਹੈ। ਕਹਿਣ ਦਾ ਭਾਵ ਇਹ ਹੈ ਕਿ ਸੂਕਤ ਵੈਦਿਕ ਰਿਸ਼ੀਆਂ ਦੇ ਗੂੜ੍ਹ ਗਿਆਨ ਦਾ ਸੰਕੇਤ ਕਰਦਾ ਹੈ ਅਤੇ ਉਨ੍ਹਾਂ ਦੇ ਇਸ ਗਿਆਨ ਦਾ ਰਹੱਸ ਹਾਲੇ ਵੀ ਰਹੱਸ ਹੀ ਹੈ।

## ਪੁਰੁਸ਼ ਸੂਕਤ

### 1. ਜਾਣ-ਪਹਿਚਾਣ :

ਪੁਰੁਸ਼-ਸੂਕਤ ਰਿਗਵੇਦ ਦੇ ਦਸਵੇਂ ਮੰਡਲ ਦਾ ਨੱਬੇਵਾਂ ਸੂਕਤ ਹੈ ਅਤੇ ਇਸ ਵਿੱਚ ਸੋਲ੍ਹਾਂ ਮੰਤਰ ਹਨ। ਇਹ ਯਜੁਰਵੇਦ ਦਾ ਇਕੱਤੀਵਾਂ ਅਧਿਆਇ ਹੈ ਅਤੇ ਇਸ ਵਿੱਚ ਬਾਈ ਮੰਤਰ ਹਨ। ਇਹ ਅਰਥਵੇਦ ਦੇ ਉਨ੍ਹੀਵੇਂ ਕਾਂਡ ਦਾ ਛੇਵਾਂ ਸੂਕਤ ਹੈ ਅਤੇ ਇਸ ਵਿੱਚ ਵੀ ਸੋਲ੍ਹਾਂ ਹੀ ਮੰਤਰ ਹਨ। ਇਸ ਸੂਕਤ ਦੇ ਕੁੱਝ ਮੰਤਰ ਸਾਮਵੇਦ ਅਤੇ ਉਪਨਿਸ਼ਦਾਂ ਵਿੱਚ ਵੀ ਮਿਲਦੇ ਹਨ ਇਸ ਤੋਂ ਪਤਾ ਲੱਗਦਾ ਹੈ ਕਿ ਇਹ ਸੂਕਤ ਕਿੰਨਾਂ ਮਹੱਤਵਪੂਰਣ ਹੈ। ਰਿਗਵੇਦ ਦਾ ਇਹ ਪੁਰੁਸ-ਸੂਕਤ ਬਹੁਤ ਵਿਸ਼ਿਆਂ ਦਾ ਵਿਸ਼ਲੇਸ਼ਣ ਕਰਦਾ ਹੈ, ਕਿਉਂਕਿ ਉਪਨਿਸ਼ਦਾਂ ਵਿੱਚ ਪੁਰਸ਼ ਨੂੰ ਆਤਮਾ ਅਤੇ ਬ੍ਰਹਮ ਦਾ ਰੂਪ ਮੰਨਿਆ ਗਿਆ ਹੈ। ਇਸ 'ਪੁਰਸ਼' ਦੇ ਸ਼ਬਦ ਦੇ ਅਨੇਕ ਅਰਥ ਹਨ ਅਤੇ ਇਸ ਸ਼ਬਦ ਦੀਆਂ ਕਈ ਨਿਰੁਕਤੀਆਂ ਹੋ ਸਕਦੀਆਂ ਹਨ। ਇਸ ਕਰਕੇ ਇਸ 'ਪੁਰੁਸ਼' ਦੇ ਅਨੇਕ ਰੂਪ ਹਨ। ਇਨ੍ਹਾਂ ਰੂਪਾਂ ਤੇ ਵਿਚਾਰ ਕਰਦੇ ਹਾਂ।

### 2. ਪੁਰੁਸ਼ ਦੇ ਅਰਥ :

'ਪੁਰੁਸ਼' ਸ਼ਬਦ ਦੇ ਅਨੇਕ ਅਰਥ ਮੰਨੇ ਜਾਂਦੇ ਹਨ। ਇਸ ਸ਼ਬਦ ਦੇ ਅਰਥਾਂ ਨੂੰ ਸਮਝਣ ਵਾਸਤੇ ਇਸ ਦੀਆਂ ਨਿਰੁਕਤੀਆਂ ਕਰਨਾ ਜ਼ਰੂਰੀ ਹੈ। ਜ਼ਿਆਦਾਤਰ ਪੁਰੁਸ਼ 'ਪਰਿਸ਼ਯ' ਕਿਹਾ ਜਾਂਦਾ ਹੈ, ਜਿਸ ਦਾ ਭਾਵ ਹੈ, ਕਿ ਇਹ ਸਰੀਰ ਰੂਪੀ ਪੁਰੀ ਵਿਚ ਸੌਣ ਵਾਲਾ ਹੈ, ਇਸ ਲਈ ਪੁਰੁਸ਼ ਹੈ। ਪਰ ਇਸ ਸ਼ਬਦ ਦੀ ਇਹ ਪਹਿਲੀ ਨਿਰੁਕਤੀ ਹੈ। ਯਾਸਕ ਨੇ ਨਿਰੁਕਤ ਵਿੱਚ ਇਹੀ ਅਰਥ ਕੱਢਿਆ ਹੈ। ਕੁੱਝ ਉਪਨਿਸ਼ਦਾਂ ਵਿੱਚ ਵੀ ਇਹੀ ਨਿਰੁਕਤੀ ਮਿਲਦੀ ਹੈ ਅਤੇ ਆਤਮਾ ਨੂੰ ਹੀ ਪੁਰੁਸ਼ ਕਿਹਾ ਜਾਂਦਾ ਹੈ। ਇਸ ਪੁਰੁਸ਼ ਨੂੰ ਵਿਸ਼ਵਰੂਪੀ ਪੁਰੀ ਜਾਂ ਸਰੀਰ ਰੂਪੀ ਪੁਰੀ ਵਿੱਚ ਵਾਸ ਕਰਨ ਵਾਲਾ ਵੀ ਕਹਿ ਸਕਦੇ ਹਾਂ। ਇਸ ਦੇ ਪਰਮਾਤਮਾ ਅਤੇ ਜੀਵਾਤਮਾ ਦੋਨੋਂ ਅਰਥ ਨਿਕਲਦੇ ਹਨ। ਇਸ ਦੀ ਤੀਜੀ ਨਿਰੁਕਤੀ ਦੇ ਅਨੁਸਾਰ ਇਸ ਨੂੰ ਸਭ ਜੀਵਾਂ ਨੂੰ ਆਪਣੀ ਹੋਂਦ ਨਾਲ ਪ੍ਰਸੰਨ ਕਰਨ ਵਾਲਾ ਕਹਿ ਸਕਦੇ ਹਾਂ। ਇਸ ਦਾ ਅਰਥ ਮਨੁੱਖ ਜਾਂ ਜੀਵ ਹੋ ਸਕਦਾ ਹੈ। ਇਸ ਦੀ ਚੌਥੀ ਨਿਰੁਕਤੀ ਦੇ ਅਨੁਸਾਰ ਇਸ

ਨੂੰ ਆਪਣੇ ਆਪ ਵਿੱਚ ਪੂਰਣ-ਤੱਤ ਕਹਿ ਸਕਦੇ ਹਾਂ। ਇਸ ਤਰ੍ਹਾਂ ਇਹ ਜਗਤ ਦਾ ਮੂਲ-ਤੱਤ ਜਾਂ ਬ੍ਰਹਮ-ਤੱਤ ਮੰਨਿਆ ਜਾ ਸਕਦਾ ਹੈ। ਇਸ ਦੀ ਪੰਜਵੀਂ ਨਿਰੁਕਤੀ ਦੇ ਅਨੁਸਾਰ ਇਸ ਨੂੰ ਵਿਸ਼ਵ ਦਾ ਪੂਰਕ ਤੱਤ ਕਹਿ ਸਕਦੇ ਹਾਂ। ਇਹ ਸਰਬ-ਵਿਆਪਕ ਪਰਮੇਸ਼ਵਰ ਦਾ ਰੂਪ ਮੰਨਿਆ ਜਾ ਸਕਦਾ ਹੈ। ਇਸ ਨੂੰ ਸਾਰੇ ਪ੍ਰਾਣੀਆਂ ਨੂੰ ਆਪਣੀ ਹੋਂਦ ਨਾਲ ਪੂਰਣ ਕਰਨ ਵਾਲਾ ਮੰਨਿਆ ਜਾ ਸਕਦਾ ਹੈ। ਅਸਲ ਵਿੱਚ ਇਹ ਵਿਸ਼ਵ ਨੂੰ ਆਪਣੀ ਸੱਤਾ ਨਾਲ ਪੂਰਣ ਬਣਾਉਂਦਾ ਹੈ, ਇਹੀ ਆਪਣੀ ਸੱਤਾ ਨਾਲ ਵਿਸ਼ਵ ਦੇ ਸਾਰੇ ਪਦਾਰਥਾਂ ਅਤੇ ਸਾਰੇ ਜੀਵਾਂ ਨੂੰ ਪੂਰਣ ਕਰਨ ਵਾਲਾ ਸਾਰੇ ਵਿਸ਼ਵ ਦਾ ਆਧਾਰ ਇਸ ਦਾ ਹੀ ਰੂਪ ਹੈ। ਇਸ ਤਰ੍ਹਾਂ 'ਪੁਰਸ਼' ਸ਼ਬਦ ਦੀਆਂ ਅਨੇਕ ਨਿਰੁਕਤੀਆਂ ਹੋ ਸਕਦੀਆਂ ਹਨ ਅਤੇ ਉਨ੍ਹਾਂ ਨਿਰੁਕਤੀਆਂ ਦੇ ਆਧਾਰ ਤੇ ਇਸ ਸ਼ਬਦ ਦੇ ਅਨੇਕ ਅਰਥ ਹੋ ਜਾਂਦੇ ਹਨ। ਹੁਣ ਰਿਗਵੇਦ ਅਤੇ ਦੂਜੇ ਵੇਦਾਂ ਦੇ ਆਧਾਰ ਤੇ ਅਸੀਂ ਇਸ ਵੈਦਿਕ-ਪੁਰਸ਼ ਦੇ ਸਰੂਪ ਤੇ ਵਿਚਾਰ ਕਰਦੇ ਹਾਂ।

## 3. ਪੁਰੁਸ਼ ਵਿਸ਼ਵ ਪੁਰੁਸ਼ ਹੈ :

ਰਿਗਵੇਦ ਅਤੇ ਯਜੁਰਵੇਦ ਦੇ ਪੁਰੁਸ਼-ਸੂਕਤ ਦੇ ਪਹਿਲੇ ਮੰਤਰ ਵਿਚ ਕਿਹਾ ਹੈ, ਕਿ ਇਸ ਪੁਰਸ਼ ਦੇ ਹਜ਼ਾਰਾਂ ਸਿਰ ਹਨ, ਹਜ਼ਾਰਾਂ ਅੱਖਾਂ ਹਨ ਅਤੇ ਹਜ਼ਾਰਾਂ ਪੈਰ ਹਨ। ਅਥਰਵਵੇਦ ਵਿਚ ਇਸ ਦੀਆਂ ਹਜ਼ਾਰਾਂ ਬਾਹਵਾਂ ਵੀ ਦੱਸੀਆਂ ਗਈਆਂ ਹਨ। ਅਜਿਹਾ ਪੁਰਸ਼ ਭੌਤਿਕ ਦ੍ਰਿਸ਼ਟੀ ਨਾਲ ਤਾਂ ਨਹੀਂ ਦਿੱਸਦਾ, ਪਰ ਗੀਤਾ ਦੇ ਗਿਆਰ੍ਹਵੇਂ ਅਧਿਆਇ ਵਿਚ ਸ੍ਰੀ ਕ੍ਰਿਸ਼ਨ ਨੇ ਅਰਜੁਨ ਨੂੰ ਦੈਵੀ ਦ੍ਰਿਸ਼ਟੀ ਦੇ ਕੇ ਇਸ ਵਿਸ਼ਵ-ਪੁਰੁਸ਼ ਦੇ ਦਰਸ਼ਨ ਕਰਵਾਏ ਹਨ। ਦਾਰਸ਼ਨਿਕ ਦ੍ਰਿਸ਼ਟੀ ਨਾਲ ਇਹ ਕਿਹਾ ਜਾ ਸਕਦਾ ਹੈ, ਕਿ ਮਨੁੱਖ ਦੇ ਜਿੰਨੇ ਵੀ ਹੱਥ, ਪੈਰ, ਸਿਰ, ਮੂੰਹ, ਅੱਖਾਂ ਕੰਨ ਆਦਿ ਹਨ, ਉਨ੍ਹਾਂ ਸਭ ਵਿੱਚ ਆਤਮ-ਸ਼ਕਤੀ ਹੀ ਵਰਤਦੀ ਹੈ। ਇਹ ਆਤਮਾ ਵਿਸ਼ਵ-ਵਿਆਪਕ ਤੱਤ ਹੈ ਅਤੇ ਸਾਰੇ ਚੇਤਨ ਜਾਂ ਪੁਰੁਸ਼ਾਂ ਵਿੱਚ ਇਹ ਇਕੱਲਾ ਹੀ ਵਰਤਦਾ ਹੈ। ਇਸ ਲਈ ਸਭ ਦੇ ਸਿਰ, ਮੂੰਹ, ਅੱਖਾਂ ਆਦਿ ਜੋ ਕੰਮ ਕਰਦੇ ਹਨ, ਉਹ ਸਭ ਕੁੱਝ ਇਹ ਪੁਰਸ਼ ਇਕੱਲਾ ਹੀ ਕਰ ਸਕਦਾ ਹੈ, ਅਤੇ ਇਸ ਵਿੱਚ ਹਜ਼ਾਰਾਂ ਸਿਰਾਂ, ਅੱਖਾਂ ਆਦਿ ਦੀ ਸ਼ਕਤੀ ਹੈ। ਇਹ ਸਾਰਾ ਭਾਵ ਇਸ ਸੂਕਤ ਦੇ ਪਹਿਲੇ ਮੰਤਰ ਦੀ ਪਹਿਲੀ ਪੰਗਤੀ ਵਿਚ ਹੀ ਮਿਲਦਾ ਹੈ। ਇਸੇ ਸੂਕਤ ਦੇ ਦੂਜੇ ਮੰਤਰ ਦੀ ਪਹਿਲੀ ਪੰਗਤੀ ਵਿਚ ਕਿਹਾ ਗਿਆ ਹੈ, ਕਿ ਪੁਰਸ਼ ਹੀ ਇਹ ਸਭ ਕੁਝ ਹੈ, ਜੋ ਕੁਝ ਵੀ ਭੂਤ ਅਤੇ ਭਵਿੱਖ ਵਿੱਚ ਹੈ। ਇਸ ਦਾ ਭਾਵ ਇਹ ਹੈ ਕਿ ਪੁਰੁਸ਼ ਵਿਸ਼ਵ-ਪੁਰੁਸ਼ ਹੈ ਅਤੇ ਸਾਰੇ ਕਾਲਾਂ ਵਿੱਚ ਇਹ ਰਹਿੰਦਾ ਹੈ, ਕਿਉਂਕਿ ਵਰਤਮਾਨ ਕਾਲ ਤਾਂ ਭੂਤ ਅਤੇ ਭਵਿੱਖ ਦੇ ਵਿੱਚ ਹੀ ਵਰਤਦਾ ਹੈ। ਉਪਨਿਸ਼ਦਾਂ ਵਿੱਚ ਇਸ ਵਿਸ਼ਵ-ਪੁਰੁਸ਼ ਨੂੰ ਵੈਸ਼ਵਾਨਰ ਆਤਮਾ ਕਿਹਾ ਜਾਂਦਾ ਹੈ ਅਤੇ ਵਿਸ਼ਵ ਨੂੰ ਉਸ ਦਾ ਪ੍ਰਤੀਕਾਤਮਕ ਮੰਨਿਆ ਜਾਂਦਾ ਹੈ। ਇਸ 'ਵੈਸ਼ਵਾਨਰ' ਨੂੰ ਵਿਸ਼ਵਨਰ ਜਾਂ ਵਿਸ਼ਵ-ਪੁਰੁਸ਼ ਕਹਿ ਸਕਦੇ ਹਾਂ ਅਤੇ ਵਿਸ਼ਵ ਨੂੰ ਇਸ ਦੀ ਦੇਹ ਮੰਨਿਆ ਗਿਆ ਹੈ। ਪਰ ਇਹ ਸਾਰਾ ਵਰਣਨ ਪ੍ਰਤੀਕਾਤਮਕ ਹੈ ਅਤੇ ਇਸ ਨਾਲ ਆਤਮ-ਤੱਤ ਦੀ ਵਿਸ਼ਵ-ਵਿਆਪਕਤਾ ਦੱਸੀ ਜਾਂਦੀ ਹੈ।

## 4. ਪੁਰੁਸ਼ ਅਤੀਂਦਰੀ (ਇੰਦਰੀਆਂ ਤੋਂ ਪਰੇ) ਤੱਤ ਹੈ :

ਪਹਿਲੇ ਅਸੀਂ ਵਿਸ਼ਵ-ਪੁਰੁਸ਼ ਦੀ ਗੱਲ ਕਰ ਚੁੱਕੇ ਹਾਂ, ਪਰ ਸਾਰੇ ਵੇਦਾਂ ਦੇ ਸਾਰੇ ਪੁਰੁਸ਼-ਸੂਕਤਾਂ ਵਿੱਚ ਇਹ ਕਿਹਾ ਗਿਆ ਹੈ ਕਿ ਇਹ ਸਾਰਾ ਵਿਸ਼ਵ ਤਾਂ ਪੁਰੁਸ਼ ਦੀ ਮਹਿਮਾ ਦਾ ਹੀ ਪ੍ਰਤੀਕ ਹੈ ਅਤੇ ਇਹ ਪੁਰੁਸ਼ ਇਸ ਵਿਸ਼ਵ ਤੋਂ ਬਹੁਤ ਵੱਡਾ ਹੈ, ਕਿਉਂਕਿ ਇਹ ਸਾਰਾ ਵਿਸ਼ਵ ਅਤੇ ਇਸ ਦੇ ਸਾਰੇ ਭੂਤ ਅਤੇ ਪ੍ਰਾਣੀ ਇਸ ਪੁਰੁਸ਼ ਦੇ ਇਕ ਪਾਦ ਜਾਂ ਚੌਥੇ ਭਾਗ ਵਿੱਚ ਹਨ। ਇਸ ਪੁਰੁਸ਼ ਦੇ ਬਾਕੀ ਤਿੰਨ ਪਾਦ ਤਾਂ ਅੰਮ੍ਰਿਤ ਹਨ ਅਤੇ ਇਹ ਉਹ ਦੀ ਦੈਵੀ ਅਵਸਥਾ ਵਿੱਚ ਰਹਿੰਦੇ ਹਨ (ਰਿਗਵੇਦ (10.90.3)। ਇਸ ਤੋਂ ਅਗਲੇ ਮੰਤਰ ਵਿੱਚ ਫਿਰ ਕਿਹਾ ਹੈ ਕਿ ਇਹ ਪੁਰੁਸ਼ ਆਪਣੇ ਤਿੰਨ ਪਾਦਾਂ ਵਿੱਚ ਉੱਪਰ ਹੈ ਅਤੇ ਇਸ ਦਾ ਇਕ ਪਾਦ ਹੀ ਇਹ ਸਭ ਕੁਝ ਬਣ ਗਿਆ ਹੈ। ਇਸ ਦਾ ਭਾਵ ਇਹ ਹੈ ਕਿ ਇਸ ਪੁਰੁਸ਼ ਦੇ ਤਿੰਨ ਪਾਦ ਮਨੁੱਖੀ ਗਿਆਨ ਦਾ ਵਿਸ਼ਾ ਨਹੀਂ ਹਨ, ਇਸ ਕਰਕੇ ਅਸੀਂ ਇਨ੍ਹਾਂ ਨੂੰ ਅਤੀਂਦਰੀ ਮੰਨਦੇ ਹਾਂ। ਇੱਥੇ ਜਿਹੜੀ ਇਕ ਪਾਦ ਅਤੇ ਤਿੰਨ ਪਾਦਾਂ ਦੀ ਗੱਲ ਕਹੀ ਗਈ ਹੈ, ਇਹ ਕਿਸੇ ਗਣਿਤ ਦੀ ਸੰਖਿਆ ਦਾ ਅਰਥ ਨਹੀਂ ਦਿੰਦੀ, ਬਲਕਿ ਇਸ ਦਾ ਭਾਵ ਤਾਂ ਇਹ ਹੈ ਕਿ ਸਾਰਾ ਵਿਸ਼ਵ ਪੁਰੁਸ਼ ਦੇ ਇਕ ਅੰਸ ਵਿੱਚ ਹੈ ਅਤੇ ਇਸ ਤੋਂ ਕਈ ਗੁਣਾਂ ਉਹ ਆਪਣੀ ਦੈਵੀ ਸਥਿਤੀ ਵਿੱਚ ਵਰਤਦਾ ਹੈ, ਜਿਸ ਦੇ ਬਾਰੇ ਕਿਸੇ ਵਿਅਕਤੀ ਨੂੰ ਕੋਈ ਗਿਆਨ ਨਹੀਂ ਹੋ ਸਕਦਾ। ਮਾਂਡੂਕਿਆ ਉਪਨਿਸ਼ਦ ਵਿੱਚ ਆਤਮਾ ਜਾਂ ਚੇਤਨਾ ਆਦਿ ਤਿੰਨ ਅਵਸਥਾਵਾਂ ਦਾ ਸੰਬੰਧ ਵਿਸ਼ਵ ਦੇ ਸਥੂਲ, ਸੂਖਮ ਅਤੇ ਕਾਰਣ ਰੂਪਾਂ ਨਾਲ

ਜੋੜਿਆ ਗਿਆ ਹੈ ਅਤੇ ਉਸ ਦੀ ਚੌਥੀ ਅਵਸਥਾ ਨੂੰ ਤੁਰੀਆ ਕਿਹਾ ਗਿਆ ਹੈ। ਇਹ ਤੁਰੀਆ ਅਵਸਥਾ ਹੀ ਅਤੀਂਦਰੀ ਅਵਸਥਾ ਹੈ ਅਤੇ ਇਸ ਨੂੰ ਵਿਵਹਾਰ ਤੋਂ ਪਰ੍ਹਾਂ ਕਿਹਾ ਗਿਆ ਹੈ। ਤੈਤਿਰੀਯ ਉਪਨਿਸ਼ਦ ਵਿੱਚ ਬ੍ਰਹਮ ਨੂੰ 'ਅਨੰਦ' ਕਿਹਾ ਗਿਆ ਹੈ। ਇਸ ਦਾ ਅਰਥ ਇਹ ਹੈ ਕਿ ਪੁਰੁਸ਼ ਬ੍ਰਹਮ ਜਾਂ ਆਤਮਾ ਆਪਣੇ ਆਪਣੇ ਸਰੂਪ ਦੇ ਆਧਾਰ ਤੇ ਅਨੰਤ ਹੈ, ਕਿਉਂਕਿ ਉਹ ਬੁੱਧੀ ਦੀ ਸੀਮਾ ਤੋਂ ਪਰ੍ਹਾਂ ਹੈ। ਇਹੀ ਇਸ ਦਾ ਅਤੀਂਦਰੀ ਭਾਵ ਹੈ।

## 5. ਪੁਰੁਸ਼ ਵਿਰਾਟ ਰੂਪ ਹੈ :

ਪੁਰੁਸ਼-ਸੂਕਤ ਦੇ ਪੰਜਵੇਂ ਮੰਤਰ ਵਿੱਚ ਕਿਹਾ ਗਿਆ ਹੈ ਕਿ ਉਸ ਪੁਰੁਸ਼ ਤੋਂ ਵਿਰਾਟ ਪੈਦਾ ਹੋਇਆ ਅਤੇ ਉਹ ਪੁਰੁਸ਼ ਇਸ ਵਿਰਾਟ ਤੋਂ ਉੱਪਰ ਹੈ, ਇਹ ਵਿਰਾਟ ਪੈਦਾ ਹੋ ਕੇ ਅੱਗੇ-ਪਿੱਛੇ ਤੇ ਸਭ ਜਗ੍ਹਾਂ ਭੂਮੀ ਤੇ ਫੈਲ ਗਿਆ। ਹੁਣ ਸਮੱਸਿਆ ਇਹ ਹੈ ਕਿ ਇਹ ਵਿਰਾਟ ਕੀ ਹੈ, ਜਿਹੜਾ ਪੁਰੁਸ਼ ਤੋਂ ਪੈਦਾ ਹੋਇਆ? ਅਦਵੈਤ-ਵੇਦਾਂਤ ਵਿੱਚ ਇਸ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਦੇ ਅਨੁਸਾਰ ਵਿਸ਼ਵ ਦੇ ਤਿੰਨ ਰੂਪ ਹਨ, ਜਿਨ੍ਹਾਂ ਨੂੰ ਸਥੂਲ, ਸੂਖਮ ਅਤੇ ਕਾਰਨ ਕਿਹਾ ਜਾਂਦਾ ਹੈ। ਇਨ੍ਹਾਂ ਤਿੰਨਾਂ ਰੂਪਾਂ ਵਿਚੋਂ ਜਿਹੜਾ ਵਿਸ਼ਵ ਦਾ ਸੂਖਮ ਜਾਂ ਵਿਚਲਾ ਰੂਪ ਹੈ, ਉਸ ਵਿੱਚ ਜਿਹੜੀ ਚੇਤਨਾ ਵਰਤਦੀ ਹੈ, ਉਸ ਦਾ ਨਾਮ ਵਿਰਾਟ ਹੈ। ਇਸ ਵਿਰਾਟ ਨੂੰ ਹੀ ਹਿਰਨਿਅ ਗਰਭ ਕਿਹਾ ਜਾਂਦਾ ਹੈ। ਰਿਗਵੇਦ ਦਾ ਹਿਰਨਿਅ ਗਰਭ ਸੂਕਤ (10, 121) ਵੀ ਬੜਾ ਪ੍ਰਸਿੱਧ ਸੂਕਤ ਹੈ ਅਤੇ ਇਸ ਵਿੱਚ ਵੀ ਜਗਤ ਦੀ ਰਚਨਾ ਬਾਰੇ ਕਿਹਾ ਗਿਆ ਹੈ। ਗੀਤਾ ਦੇ ਗਿਆਰ੍ਹਵੇਂ ਅਧਿਆਇ ਦੇ ਵਿਸ਼ਵ-ਪੁਰੁਸ਼ ਨੂੰ ਵਿਰਾਟ-ਪੁਰੁਸ਼ ਵੀ ਕਿਹਾ ਜਾਂਦਾ ਹੈ। ਇਸ ਦਾ ਭਾਵ ਇਹ ਹੈ ਕਿ ਜਗਤ ਦੀ ਰਚਨਾ ਵੇਲੇ ਕਾਰਣ ਤੋਂ ਸੂਖਮ ਅਤੇ ਸੂਖਮ ਤੋਂ ਸਥੂਲ ਜਗਤ ਦੀ ਰਚਨਾ ਹੁੰਦੀ ਹੈ। ਰਿਗਵੇਦ ਦੇ ਪੁਰੁਸ਼ ਸੂਕਤ ਦੇ ਦੂਜੇ ਮੰਤਰ ਵਿੱਚ ਕਿਹਾ ਹੈ ਕਿ ਇਹ ਸਭ ਕੁੱਝ ਪੁਰੁਸ਼ ਹੀ ਹੈ ਅਤੇ ਪੰਜਵੇਂ ਮੰਤਰ ਵਿੱਚ ਉਸ ਤੋਂ ਵਿਰਾਟ ਦੀ ਉੱਤਪਤੀ ਦੱਸੀ ਗਈ ਹੈ। ਜਿਵੇਂ ਮਿੱਟੀ ਦਾ ਘੜਾ ਮਿੱਟੀ ਤੋਂ ਉਤਪੰਨ ਹੁੰਦਾ ਹੈ, ਪਰ ਉਹ ਮਿੱਟੀ ਤੋਂ ਵੱਖਰਾ ਨਹੀਂ ਹੁੰਦਾ, ਬਲਕਿ ਮਿੱਟੀ ਦਾ ਹੀ ਅਭਿਵਿਅਕਤ ਰੂਪ ਹੁੰਦਾ ਹੈ, ਇਸੇ ਤਰ੍ਹਾਂ ਵਿਰਾਟ ਪੁਰੁਸ਼ ਤੋਂ ਉਤਪੰਨ ਹੁੰਦਾ ਹੈ, ਪਰ ਪੁਰੁਸ਼ ਤੋਂ ਵੱਖਰਾ ਨਹੀਂ ਹੁੰਦਾ, ਬਲਕਿ ਉਹ ਪੁਰੁਸ਼ ਦਾ ਹੀ ਅਭਿਵਿਅਕਤ ਰੂਪ ਹੁੰਦਾ ਹੈ। ਇਸ ਵਿਰਾਟ ਦੀ ਹੋਂਦ ਵੀ ਪੁਰੁਸ਼ ਦੀ ਹੋਂਦ ਤੋਂ ਵੱਖਰੀ ਨਹੀਂ ਹੁੰਦੀ। ਇਸ ਕਰਕੇ ਇਹ ਕਿਹਾ ਜਾ ਸਕਦਾ ਹੈ ਕਿ ਪੁਰੁਸ਼ ਆਪ ਹੀ ਵਿਰਾਟ ਦਾ ਰੂਪ ਧਾਰਣ ਕਰ ਲੈਂਦਾ ਹੈ। ਇਸ ਲਈ ਇਹੀ ਪੁਰਸ਼ ਦਾ ਵਿਰਾਟ ਰੂਪ ਹੈ।

## 6. ਪੁਰੁਸ਼ ਪ੍ਰਕ੍ਰਿਤੀ ਰੂਪ ਹੈ :

ਪੁਰੁਸ਼-ਸੂਕਤ ਵਿੱਚ ਕੁੱਝ ਅਜਿਹੇ ਤੱਤ ਵੀ ਮਿਲਦੇ ਹਨ, ਜਿਨ੍ਹਾਂ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਪੁਰੁਸ਼ ਪ੍ਰਕ੍ਰਿਤੀ ਨਾਲ ਸੰਬੰਧਿਤ ਕੁੱਝ ਗੱਲਾਂ ਦਾ ਸੰਬੰਧ ਪੁਰੁਸ਼ ਨਾਲ ਦੱਸਿਆ ਗਿਆ ਹੈ। ਉਦਾਹਰਣ ਵਾਸਤੇ ਇਸ ਸੂਕਤ ਵਿੱਚ ਇਹ ਕਿਹਾ ਗਿਆ ਹੈ ਕਿ ਦੇਵਤਿਆਂ ਨੇ ਪੁਰਸ਼ ਰੂਪ ਹਵੀ ਜਾਂ ਸਾਮੱਗਰੀ ਨਾਲ ਜਿਹੜਾ ਯੱਗ ਕੀਤਾ, ਉਸ ਵਿੱਚ ਬਸੰਤ ਰੁੱਤ ਹੀ ਘਿਉ ਸੀ, ਗਰਮੀ ਦਾ ਮੌਸਮ ਸੁੱਕੀਆਂ ਲੱਕੜਾਂ ਸਨ ਅਤੇ ਸਰਦੀ ਦੀ ਰੁੱਤ ਹੀ ਹਵੀ ਸੀ (10.90.6)। ਇਨ੍ਹਾਂ ਰੁੱਤਾਂ ਦਾ ਸੰਬੰਧ ਪ੍ਰਕ੍ਰਿਤੀ ਨਾਲ ਹੈ, ਪਰ ਇਸ ਸੂਕਤ ਵਿੱਚ ਇਨ੍ਹਾਂ ਦਾ ਸੰਬੰਧ ਪੁਰੁਸ਼ ਨਾਲ ਜੋੜਿਆ ਗਿਆ ਹੈ। ਇਸ ਤੋਂ ਇਹ ਲਗਦਾ ਹੈ ਕਿ ਇਸ ਸੂਕਤ ਵਿੱਚ ਪ੍ਰਕ੍ਰਿਤੀ ਅਤੇ ਪੁਰੁਸ਼ ਵਿੱਚ ਇਕਰੂਪਤਾ ਦੱਸੀ ਗਈ ਹੈ ਹਾਲਾਂਕਿ ਇਸ ਸੂਕਤ ਦੀ ਭਾਸ਼ਾ ਪ੍ਰਤੀਕਾਤਮਕ ਹੈ ਫਿਰ ਵੀ ਜਦੋਂ ਪੁਰੁਸ਼ ਨੂੰ ਸਰਬ-ਰੂਪ ਮੰਨਿਆ ਜਾਂਦਾ ਹੈ ਤਾਂ ਉਸ ਨੂੰ ਪ੍ਰਕ੍ਰਿਤੀ ਦਾ ਰੂਪ ਮੰਨਣ ਵਿੱਚ ਕੋਈ ਹਰਜ਼ ਨਹੀਂ। ਉੱਪਰ ਦਿੱਤੇ ਗਏ ਮੰਤਰ ਦੇ ਅਰਥ ਤੋਂ ਸਪਸ਼ਟ ਪ੍ਰਤੀਤ ਹੁੰਦਾ ਹੈ ਕਿ ਪੁਰੁਸ਼-ਸੂਕਤ ਪੁਰੁਸ਼ ਪ੍ਰਕ੍ਰਿਤੀ ਦਾ ਪ੍ਰਤੱਖ ਰੂਪ ਵੀ ਹੈ। ਸ੍ਰੀਮਦ ਭਾਗਵਤ ਵਿੱਚ ਇਕ ਵਾਕ ਆਇਆ ਹੈ, ਜਿਸ ਵਿੱਚ ਇਹ ਕਿਹਾ ਗਿਆ ਹੈ ਕਿ ਈਸ਼ਵਰ ਆਪ ਹੀ ਪ੍ਰਕ੍ਰਿਤੀ ਦਾ ਰੂਪ ਹੈ। ਗੀਤਾ ਵਿੱਚ ਵੀ ਨਾਸ਼ਵਾਨ ਭੂਤਾਂ ਨੂੰ ਕਸ਼ਰ-ਪੁਰਸ਼ ਕਿਹਾ ਹੈ। ਇਨ੍ਹਾਂ ਸਾਰੇ ਪ੍ਰਸੰਗਾਂ ਤੋਂ ਇਹ ਗੱਲ ਸਿੱਧ ਹੋ ਜਾਂਦੀ ਹੈ ਕਿ ਵੈਦਿਕ ਰਿਸ਼ੀ ਪੁਰੁਸ਼ ਵਿੱਚ ਪ੍ਰਕ੍ਰਿਤੀ ਦੀ ਝਲਕ ਵੀ ਵੇਖਦੇ ਸਨ।

## 7. ਪੁਰੁਸ਼ ਯੱਗ ਰੂਪ ਹੈ :

ਵੈਦਿਕ ਪਰੰਪਰਾ ਦੇ ਅਨੁਸਾਰ ਯੱਗ ਦੈਵੀ ਕਰਮ ਦਾ ਪ੍ਰਤੀਕ ਹੈ ਅਤੇ ਅਨਾਦੀ ਕਾਲ ਤੋਂ ਇਸ ਨੂੰ ਵਰਖਾ ਦਾ ਕਾਰਣ ਸਮਝਿਆ ਜਾਂਦਾ ਹੈ। ਵੈਦਿਕ ਧਰਮ ਨੂੰ ਯੱਗ-ਪ੍ਰਧਾਨ ਧਰਮ ਹੀ ਸਮਝਿਆ ਜਾਂਦਾ ਹੈ। ਪੁਰੁਸ਼-ਸੂਕਤ ਵਿੱਚ

ਪੁਰੁਸ਼ ਨੂੰ ਵੀ ਯੱਗ ਦਾ ਰੂਪ ਮੰਨਿਆ ਗਿਆ ਹੈ। ਉੱਪਰ ਇਹ ਦੱਸ ਚੁੱਕੇ ਹਾਂ ਕਿ ਦੇਵਤਿਆਂ ਨੇ ਪੁਰੁਸ਼ ਨੂੰ ਹਵੀ ਮੰਨ ਕੇ ਯੱਗ ਕੀਤਾ। ਇਸ ਸੂਕਤ ਦੇ ਸੋਲ੍ਹਵੇਂ ਮੰਤਰ ਵਿੱਚ ਕਿਹਾ ਹੈ ਕਿ ਦੇਵਤਿਆਂ ਨੇ ਯੱਗ ਦੇ ਨਾਲ ਹੀ ਯੱਗ ਕੀਤਾ। ਇਸ ਦਾ ਅਰਥ ਹੈ ਜਿਸ ਯੱਗ ਸਾਮਗ੍ਰੀ ਨਾਲ ਇਹ ਯੱਗ ਹੋਇਆ, ਉਹ ਪੁਰੁਸ਼ ਹੀ ਹੈ। ਇਸ ਸੂਕਤ ਦੇ ਦੋਵੇਂ ਮੰਤਰਾਂ ਵਿੱਚ ਪੁਰੁਸ਼ ਨੂੰ ਹਵੀ ਜਾ ਸਾਮਗਰੀ ਕਿਹਾ ਹੈ ਅਤੇ ਸੋਲ੍ਹਵੇਂ ਮੰਤਰ ਵਿੱਚ ਇਸ ਪੁਰੁਸ਼ ਨੂੰ ਯੱਗ ਕਿਹਾ ਹੈ। ਇਸ ਦਾ ਭਾਵ ਇਹ ਹੋਇਆ ਕਿ ਇਹ ਪੁਰੁਸ਼ ਆਪ ਯੱਗ ਦੀ ਸਾਮਗਰੀ ਹੈ ਅਤੇ ਆਪ ਹੀ ਯੱਗ ਦਾ ਰੂਪ ਹੈ। ਪੁਰੁਸ਼ ਦੇ ਯੱਗ ਰੂਪ ਦਾ ਸਪਸ਼ਟੀਕਰਣ ਸਤਪਥ ਬ੍ਰਾਹਮਣ ਵਿਚ ਕੀਤਾ ਗਿਆ ਹੈ (1.3.2.1)। ਇਸ ਪ੍ਰਸੰਗ ਵਿੱਚ ਕਿਹਾ ਗਿਆ ਹੈ ਕਿ ਇਸ ਕਰਕੇ ਪੁਰੁਸ਼ ਯੱਗ ਹੈ, ਕਿਉਂਕਿ ਇਹ ਪੁਰੁਸ਼ ਯੱਗ ਦਾ ਵਿਸਥਾਰ ਕਰਦਾ ਹੈ, ਇਸ ਯੱਗ ਦਾ ਜਿੰਨਾ ਵਿਸਥਾਰ ਹੁੰਦਾ ਹੈ, ਉਨਾਂ ਹੀ ਇਸ ਪੁਰੁਸ਼ ਦਾ ਵਿਸਥਾਰ ਹੁੰਦਾ ਹੈ। ਇਸ ਲਈ ਪੁਰੁਸ਼ ਨੂੰ ਯੱਗ ਕਿਹਾ ਜਾਂਦਾ ਹੈ। ਇਸੇ ਗ੍ਰੰਥ ਵਿੱਚ ਇਕ ਹੋਰ ਥਾਂ ਤੇ ਸਪੱਸ਼ਟ ਕਿਹਾ ਕਿ ਪੁਰੁਸ਼ ਯੱਗ ਹੈ (3.1.4.32) ਕੌਸ਼ਤਕੀ ਬ੍ਰਾਹਮਣ ਵਿੱਚ ਵੀ ਕਿਹਾ ਹੈ ਕਿ ਪੁਰੁਸ਼ ਹੀ ਯੱਗ ਹੈ (17.7)। ਇਹ ਵਾਕ ਕਈ ਬ੍ਰਾਹਮਣ ਗ੍ਰੰਥਾਂ ਵਿੱਚ ਆਇਆ ਹੈ। ਕਹਿਣ ਦਾ ਭਾਵ ਇਹ ਹੈ ਕਿ ਜੋ ਵੀ ਦੈਵੀ ਕਰਮ ਹੁੰਦਾ ਹੈ, ਉਸ ਵਿੱਚ ਵਿਅਕਤੀ ਦੀ ਦੈਵੀ ਭਾਵਨਾ ਵਰਤਦੀ ਹੈ ਅਤੇ ਇਹ ਦੈਵੀ ਭਾਵਨਾ ਦੈਵੀ ਪੁਰੁਸ਼ ਦਾ ਰੂਪ ਧਾਰਣ ਕਰ ਲੈਂਦੀ ਹੈ, ਇਸ ਕਰਕੇ ਵੈਦਿਕ ਰਿਸ਼ੀ ਯੱਗ ਰੂਪ ਵਾਲੇ ਦੈਵੀ ਕਰਮ ਨੂੰ ਦੈਵੀ ਪੁਰੁਸ਼ ਦਾ ਹੀ ਰੂਪ ਸਮਝਦੇ ਸਨ।

## 8. ਪੁਰੁਸ਼ ਸਰਬ-ਕਾਰਣ ਹੈ :

ਰਿਗਵੇਦ ਦੇ ਪੁਰੁਸ਼-ਸੂਕਤ ਦੇ ਕਈ ਮੰਤਰਾਂ ਵਿੱਚ ਪੁਰੁਸ਼ ਨੂੰ ਸਭ ਦਾ ਕਾਰਨ ਜਾਂ ਮੂਲ ਕਾਰਣ ਕਿਹਾ ਗਿਆ ਹੈ। ਜਦੋਂ ਦੇਵਤਿਆਂ ਨੇ ਪੁਰੁਸ਼ ਨੂੰ ਯੱਗ ਦਾ ਰੂਪ ਮੰਨ ਕੇ ਉਸ ਨੂੰ ਯੱਗ ਦੀ ਸਾਮਗਰੀ ਵੀ ਮੰਨ ਕੇ ਯੱਗ ਕਰਮ ਸ਼ੁਰੂ ਕੀਤਾ ਤਾਂ ਇਸ ਯੱਗ ਰੂਪ ਪੁਰੁਸ਼ ਤੋਂ ਸਭ ਤੋਂ ਪਹਿਲਾਂ ਰਿਗਵੇਦ ਅਤੇ ਸਾਮਵੇਦ ਦੇ ਮੰਤਰ ਪ੍ਰਗਟ ਹੋਏ, ਫਿਰ ਨਾਲ ਹੀ ਇਸ ਤੋਂ ਛੰਦ ਜਾਂ ਅਥਰਵੇਦ ਦੇ ਮੰਤਰ ਅਤੇ ਯਜੁਰ ਜਾਂ ਯਜੁਰਵੇਦ ਦੇ ਮੰਤਰ ਪ੍ਰਗਟ ਹੋਏ। ਫਿਰ ਇਸ ਯੱਗ ਪੁਰੁਸ਼ ਤੋਂ ਘੋੜੇ, ਗਊਆਂ, ਬੱਕਰੀਆਂ ਅਤੇ ਦੋਹਾਂ ਪਾਸੇ ਦੰਦਾਂ ਵਾਲੇ ਹੋਰ ਜਾਨਵਰ ਪੈਦਾ ਹੋਏ। ਇਸ ਵਿਸ਼ਵ-ਪੁਰੁਸ਼ ਦੇ ਮਨ ਤੋਂ ਚੰਦਰਮਾ ਪੈਦਾ ਹੋਇਆ, ਅੱਖਾਂ ਤੋਂ ਸੂਰਜ ਪੈਦਾ ਹੋਇਆ, ਮੂੰਹ ਤੋਂ ਇੰਦਰ ਅਤੇ ਅਗਨੀ ਪੈਦਾ ਹੋਏ ਅਤੇ ਇਸ ਦੇ ਪ੍ਰਾਣ ਤੋਂ ਵਾਯੂ ਪੈਦਾ ਹੋਈ। ਇਸੇ ਤਰ੍ਹਾਂ ਇਸ ਪੁਰੁਸ਼ ਦੀ ਨਾਭੀ ਤੋਂ ਅੰਤਰਿਕਸ਼ ਪ੍ਰਗਟ ਹੋਇਆ, ਪੈਰਾਂ ਤੋਂ ਪ੍ਰਿਥਵੀ ਦੀ ਅਭਿਵਿਅਕਤੀ ਹੋਈ ਅਤੇ ਇਸ ਦੇ ਕੰਨਾਂ ਤੋਂ ਦਿਸ਼ਾਵਾਂ ਪ੍ਰਗਟ ਹੋਈਆਂ। ਇਸ ਤਰ੍ਹਾਂ ਸਾਰੇ ਲੋਕ ਇਸ ਪੁਰੁਸ਼ ਤੋਂ ਹੀ ਪੈਦਾ ਹੋਏ। ਕਹਿਣ ਦਾ ਭਾਵ ਇਹ ਹੈ ਕਿ ਇਸ ਪੁਰੁਸ਼ ਨੇ ਵਿਰਾਟ ਨੂੰ ਪੈਦਾ ਕੀਤਾ ਜਾ ਇਸ ਨੇ ਆਪ ਹੀ ਵਿਰਾਟ ਦਾ ਰੂਪ ਧਾਰਨ ਕਰ ਲਿਆ ਸੀ। ਪਹਿਲੋਂ ਇਹ ਦੱਸ ਚੁੱਕੇ ਹਾਂ ਕਿ ਵਿਸ਼ਵ ਦੇ ਸੂਖਮ-ਰੂਪ ਦਾ ਨਾਮ ਵਿਰਾਟ ਹੈ ਅਤੇ ਇਹ ਪੁਰੁਸ਼ ਆਪ ਹੀ ਵਿਰਾਟ ਬਣ ਜਾਂਦਾ ਹੈ। ਇਸ ਤੋਂ ਬਾਅਦ ਇਸ ਸੂਖਮ ਭਾਵ ਤੋਂ ਸਥੂਲ ਭਾਵਾਂ ਜਾਂ ਤੱਤਾਂ ਦੀ ਅਭਿਵਿਅਕਤੀ ਹੁੰਦੀ ਹੈ। ਇਹ ਅਭਿਵਿਅਕਤੀ ਨਾਲ ਸੂਖਮ-ਤੱਤ ਸਥੂਲ ਤੱਤਾਂ ਦਾ ਰੂਪ ਧਾਰਣ ਕਰ ਲੈਂਦੇ ਹਨ ਅਤੇ ਇਹ ਸੂਖਮ-ਤੱਤਾਂ ਦੀ ਅਭਿਵਿਅਕਤੀ ਹੀ ਮੰਨੇ ਜਾਂਦੇ ਹਨ। ਸਥੂਲ ਤੱਤਾਂ ਦੀ ਰਚਨਾ ਹੋਣ ਤੋਂ ਬਾਅਦ ਜਗਤ ਦੀ ਰਚਨਾ ਸ਼ੁਰੂ ਹੋ ਜਾਂਦੀ ਹੈ ਰਿਗਵੇਦ ਦੇ (10.90, 9, 13, 14) ਇਨ੍ਹਾਂ ਮੰਤਰਾਂ ਵਿੱਚ ਪੁਰੁਸ਼ ਰੂਪ ਯੱਗ ਤੋਂ ਸਾਰੇ ਭੌਤਿਕ ਤੱਤਾਂ ਅਤੇ ਜੀਵਾਂ ਦਾ ਕਾਰਣ ਕਿਹਾ ਜਾ ਸਕਦਾ ਹੈ।

## 9. ਪੁਰੁਸ਼ ਸਮਾਜ ਦਾ ਰੂਪ ਹੈ :

ਵੈਦਿਕ ਸਮਾਜ ਚਾਰ ਵਰਣਾਂ ਦੇ ਰੂਪ ਵਿੱਚ ਵੰਡਿਆ ਹੋਇਆ ਸੀ। ਇਨ੍ਹਾਂ ਵਰਣਾਂ ਨੂੰ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਕਿਹਾ ਗਿਆ ਹੈ। ਬੁੱਧੀਜੀਵੀ ਵਿਅਕਤੀ ਬ੍ਰਾਹਮਣ ਕਹੇ ਜਾਂਦੇ ਸਨ, ਸ਼ਕਤੀਵਾਦੀ, ਸ਼ਾਸਕ-ਵਰਗ ਨੂੰ ਖੱਤਰੀ ਸਮਝਿਆ ਜਾਂਦਾ ਸੀ, ਉਤਪਾਦਕ ਵਰਗ ਨੂੰ ਵੈਸ਼ ਕਿਹਾ ਜਾਂਦਾ ਸੀ ਲੇਬਰ ਕਲਾਸ ਨੂੰ ਸ਼ੂਦਰ ਕਿਹਾ ਜਾਂਦਾ ਸੀ। ਪੁਰੁਸ਼-ਸੂਕਤ ਦੇ ਬਾਰ੍ਹਵੇਂ ਵਰਨ ਵਿੱਚ ਇਨ੍ਹਾਂ ਚਾਰਾਂ ਵਰਣਾਂ ਦਾ ਜ਼ਿਕਰ ਆਇਆ ਹੈ। ਇਸ ਮੰਤਰ ਵਿੱਚ ਪ੍ਰਤੀਕਾਤਮਕ ਢੰਗ ਨਾਲ ਸਮਾਜ ਨੂੰ ਵੀ ਪੁਰੁਸ਼ ਦਾ ਰੂਪ ਮੰਨਿਆ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਬ੍ਰਾਹਮਣ ਤਾਂ ਇਸ ਪੁਰੁਸ਼ ਦਾ ਮੁੱਖ ਸੀ, ਖੱਤਰੀ ਜਾਂ ਸ਼ਾਸਕ-ਵਰਗ ਇਸ ਦੀਆਂ ਬਾਹਾਂ ਸਨ, ਵੈਸ ਇਸ ਦੇ ਪੱਟਾਂ ਦੇ ਸਥਾਨ

ਤੇ ਸਨ ਤੇ ਸ਼ੂਦਰ ਇਸ ਦੇ ਪੈਰਾਂ ਤੋਂ ਪੈਦਾ ਹੋਇਆ ਜਾਂ ਇਸ ਦਾ ਅਰਥ ਇਹ ਵੀ ਹੋ ਸਕਦਾ ਹੈ ਕਿ ਇਹ ਚਾਰੇ ਵਰਣ ਕ੍ਰਮ ਨਾਲ ਉਸ ਪੁਰੁਸ਼ ਦੇ ਸਿਰ, ਬਾਹਾਂ, ਪੱਟ ਅਤੇ ਪੈਰਾਂ ਤੋਂ ਪ੍ਰਗਟ ਹੋਏ। ਇਹ ਚਾਰੇ ਵਰਣ ਹਰ ਥਾਂ ਤੇ ਹਰ ਸਮਾਜ ਵਿੱਚ ਹੁੰਦੇ ਹਨ, ਪਰ ਭਾਰਤ ਵਿੱਚ ਇਨ੍ਹਾਂ ਵਰਣਾਂ ਨੇ ਜਾਤੀ ਦਾ ਰੂਪ ਧਾਰਣ ਕਰ ਲਿਆ ਹੈ। ਅਸਲ ਵਿੱਚ ਬ੍ਰਿਹਦਾਰਣਿਕ ਉਪਨਿਸਦ (1.14, 11.15) ਵਿੱਚ ਇਸ ਸਮਾਜਿਕ ਵਿਵਸਥਾ ਦਾ ਸਪਸ਼ਟੀਕਰਣ ਕੀਤਾ ਗਿਆ ਹੈ। ਇਸ ਪ੍ਰਸੰਗ ਵਿੱਚ ਕਿਹਾ ਗਿਆ ਹੈ ਕਿ ਪਹਿਲੇ ਕੇਵਲ ਬ੍ਰਾਹਮਣ ਹੀ ਸਨ, ਪਰ ਉਨ੍ਹਾਂ ਤੋਂ ਸਮਾਜਿਕ ਵਿਵਸਥਾ ਨਹੀਂ ਹੋਈ, ਉਨ੍ਹਾਂ ਨੇ ਸ੍ਰੇਸ਼ਠ-ਰੂਪ ਖੱਤਰੀ ਦੀ ਰਚਨਾ ਕੀਤੀ, ਪਰ ਉਹ ਵੀ ਇਸ ਵਿਵਸਥਾ ਨੂੰ ਕਾਇਮ ਨਹੀਂ ਰੱਖ ਸਕਿਆ ਫਿਰ ਉਸ ਨੇ ਵੈਸ਼ ਦੀ ਰਚਨਾ ਕੀਤੀ, ਪਰ ਉਹ ਵੀ ਇਸ ਵਿਵਸਥਾ ਨੂੰ ਕਾਇਮ ਨਹੀਂ ਰੱਖ ਸਕਿਆ, ਫਿਰ ਉਸ ਨੇ ਸ਼ੂਦਰ ਵਰਣ ਦੀ ਰਚਨਾ ਕੀਤੀ, ਪਰ ਉਹ ਵੀ ਇਸ ਸਮਾਜ ਦੀ ਠੀਕ ਵਿਵਸਥਾ ਨਹੀਂ ਕਰ ਸਕਿਆ, ਅੰਤ ਵਿੱਚ ਉਸ ਨੇ ਜਾਂ ਸਮਾਜ ਨੇ ਧਰਮ ਦੀ ਧਾਰਨਾ ਕੀਤੀ ਅਤੇ ਇਹ ਸੱਚ ਦਾ ਰੂਪ ਹੈ।

ਇਸ ਤਰ੍ਹਾਂ ਹਰੇਕ ਵਿਅਕਤੀ ਆਪਣੇ-ਆਪਣੇ ਧਰਮ ਜਾਂ ਕਰਤੱਵ ਦੇ ਅਨੁਸਾਰ ਚਲਦਾ ਹੈ। ਇਸ ਧਰਮ ਅਤੇ ਸੋਚ ਨੂੰ ਇਕ ਦੂਜੇ ਦਾ ਰੂਪ ਮੰਨਿਆ ਗਿਆ ਹੈ। ਕਹਿਣ ਦਾ ਭਾਵ ਇਹ ਹੈ ਕਿ ਸਾਰੇ ਵਰਨਾਂ ਦਾ ਆਧਾਰ ਧਰਮ ਹੈ ਅਤੇ ਇਹ ਧਰਮ ਹੀ ਸਮਾਜ ਦੀ ਵਿਵਸਥਾ ਨੂੰ ਕਾਇਮ ਰੱਖਣ ਵਿੱਚ ਸਮਰੱਥ ਹੋ ਗਿਆ ਹੈ। ਇਹ ਧਰਮ ਜਾਤੀ ਦਾ ਰੂਪ ਨਹੀਂ ਹੈ, ਬਲਕਿ ਕਰਤੱਵ ਦਾ ਰੂਪ ਹੈ। ਜੇ ਸਭ ਲੋਕ ਆਪਣੇ -ਆਪਣੇ ਧਰਮ ਦਾ ਪਾਲਣ ਕਰਨ ਤਾਂ ਸਮਾਜਕ ਵਿਵਸਥਾ ਠੀਕ ਚਲ ਸਕਦੀ ਹੈ, ਨਹੀਂ ਤਾਂ ਨਹੀਂ ਚਲ ਸਕਦੀ। ਪਰ ਇਸ ਸਮਾਜਿਕ ਵਿਵਸਥਾ ਦੇ ਬੀਜ ਪੁਰੁਸ਼ ਸੂਕਤ ਵਿੱਚ ਮਿਲ ਜਾਂਦੇ ਹਨ, ਕਿਉਂਕਿ ਇਸ ਸੂਕਤ ਵਿੱਚ ਸਮਾਜ ਨੂੰ ਪੁਰੁਸ਼ ਜਾਂ ਮਨੁੱਖ ਦਾ ਰੂਪ ਮੰਨ ਕੇ ਚਾਰਾਂ ਵਰਣਾਂ ਨੂੰ ਉਸ ਦੇ ਜ਼ਰੂਰੀ ਅੰਗ ਮੰਨਿਆ ਗਿਆ ਹੈ।

## 10. ਪੁਰੁਸ਼ ਪ੍ਰਕਾਸ਼ ਰੂਪ ਬ੍ਰਹਮ ਹੈ :

ਯਜੁਰਵੇਦ ਦੇ ਪੁਰੁਸ਼-ਸੂਕਤ ਵਿੱਚ ਪੁਰੁਸ਼ ਨੂੰ ਸੂਰਜ ਦੀ ਤਰ੍ਹਾਂ ਪ੍ਰਕਾਸ਼ਮਾਨ ਅਤੇ ਅੰਧਕਾਰ ਤੋਂ ਪਰ੍ਹੇ ਕਿਹਾ ਹੈ। ਇਸੇ ਸੂਕਤ ਵਿੱਚ ਦੋ ਵਾਰੀ ਇਹ ਕਿਹਾ ਹੈ ਕਿ ਇਹ ਪੁਰੁਸ਼ ਜੋਤੀ ਰੂਪ ਬ੍ਰਹਮ ਹੈ। ਅਜਿਹੇ ਬ੍ਰਹਮ ਨੂੰ ਨਮਸਕਾਰ ਵੀ ਕਿਹਾ ਗਿਆ ਹੈ। ਗੀਤਾ ਵਿੱਚ ਵੀ ਬ੍ਰਹਮ ਨੂੰ ਜੋਤੀਆਂ ਦੀ ਜੋਤੀ ਅਤੇ ਅੰਧਕਾਰ ਤੋਂ ਪਰ੍ਹੇ ਕਿਹਾ ਗਿਆ ਹੈ। ਉਪਨਿਸ਼ਦਾਂ ਵਿੱਚ ਕਈ ਵਾਰੀ ਇਹ ਕਿਹਾ ਹੈ ਕਿ ਸੂਰਜ ਚੰਦਰਮਾ, ਅਗਨੀ ਆਦਿ ਇਸ ਆਤਮਾ ਜਾਂ ਬ੍ਰਹਮ ਨੂੰ ਪ੍ਰਕਾਸ਼ਿਤ ਨਹੀਂ ਕਰ ਸਕਦੇ ਕਿਉਂਕਿ ਸਭ ਉਸ ਦੇ ਪ੍ਰਕਾਸ਼ ਨਾਲ ਹੀ ਪ੍ਰਕਾਸ਼ਿਤ ਹਨ। ਬ੍ਰਿਹਦਾਰਣਿਕ ਉਪਨਿਸ਼ਦ ਵਿੱਚ ਇਸ ਪੁਰੁਸ਼ ਨੂੰ ਆਤਮਾ-ਜੋਤੀ ਵਾਲਾ ਕਿਹਾ ਹੈ, ਕਿਉਂਕਿ ਜਦੋਂ ਭੌਤਿਕ-ਪ੍ਰਕਾਸ਼ ਨਹੀਂ ਹੁੰਦਾ, ਫਿਰ ਵੀ ਵਿਅਕਤੀ ਆਪਣੀਆਂ ਲੋੜੀਂਦੀਆਂ ਵਸਤੂਆਂ ਨੂੰ ਲੱਭ ਲੈਂਦੇ ਹਨ। ਸਾਰੇ ਅੰਨ੍ਹੇ ਵਿਅਕਤੀ ਆਤਮ-ਜੋਤੀ ਨਾਲ ਹੀ ਆਪਣਾ ਕੰਮ ਕਰਦੇ ਹਨ। ਇਸ ਤੋਂ ਪਤਾ ਚਲਦਾ ਹੈ ਕਿ ਸਭ ਪ੍ਰਾਣੀਆਂ ਦੇ ਹਿਰਦੇ ਵਿੱਚ ਰਹਿਣ ਵਾਲਾ ਇਹ ਪੁਰੁਸ਼ ਆਪ ਹੀ ਜੋਤੀ-ਸਰੂਪ ਹੈ, ਇਹ ਜੋਤੀਆਂ ਦੀ ਜੋਤੀ ਹੈ, ਪਰ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਆਤਮ-ਜੋਤੀ ਜਾਂ ਵਿਸ਼ਵ-ਪੁਰੁਸ਼ ਦਾ ਪ੍ਰਕਾਸ਼ ਭੌਤਿਕ ਨੇਤਰਾਂ ਦਾ ਵਿਸ਼ਾ ਨਹੀਂ ਹੈ, ਕਿਉਂਕਿ ਅੱਖਾਂ ਇਸ ਨੂੰ ਵੇਖ ਨਹੀਂ ਸਕਦੀਆਂ ਪਰ ਉਹ ਇਸ ਦੀ ਜੋਤੀ ਨਾਲ ਹੀ ਸਭ ਕੁੱਝ ਵੇਖਦੀਆਂ ਸਨ। ਇਸ ਕਰਕੇ ਪੁਰੁਸ਼ ਦਾ ਪ੍ਰਕਾਸ਼ ਅਧਿਆਤਮਕ-ਪ੍ਰਕਾਸ਼ ਹੈ ਜਾਂ ਇਹ ਦੈਵੀ ਪ੍ਰਕਾਸ਼ ਹੈ। ਅਜਿਹੇ ਪ੍ਰਕਾਸ਼ ਨੂੰ ਯੋਗ-ਸਾਧਨਾ ਨਾਲ ਆਪਣੇ ਅੰਦਰ ਅਤੇ ਬਾਹਰ ਵੇਖਿਆ ਜਾ ਸਕਦਾ ਹੈ ਜਾਂ ਦੈਵੀ ਦ੍ਰਿਸ਼ਟੀ ਨਾਲ ਇਸ ਨੂੰ ਵੇਖਿਆ ਜਾ ਸਕਦਾ ਹੈ। ਪੁਰੁਸ਼ ਦੇ ਇਸ ਪ੍ਰਕਾਸ਼ ਨੂੰ ਹੀ ਸੂਫੀਆਂ ਨੇ 'ਰੱਬੀ-ਨੂਰ' ਕਿਹਾ ਹੈ ਅਤੇ ਇਸ 'ਨੂਰ' ਨੂੰ ਹੀ ਜਗਤ ਦਾ ਕਾਰਣ ਕਿਹਾ ਜਾਂਦਾ ਹੈ।

## 11. ਪੁਰੁਸ਼ ਜੀਵ ਰੂਪ ਹੈ :

ਯਜੁਰਵੇਦ ਦੇ ਪੁਰੁਸ਼-ਸੂਕਤ ਵਿੱਚ ਪੁਰੁਸ਼ ਦੀ ਜੀਵਰੂਪਤਾ ਦਾ ਗਿਆਨ ਵੀ ਹੁੰਦਾ ਹੈ। ਇਸ ਸੂਕਤ ਦੇ ਉਨੀਵੇ ਂ ਮੰਤਰ ਵਿਚ ਕਿਹਾ ਹੈ ਕਿ ਇਹ ਪਰਜਾਪਤੀ ਗਰਭ ਅੰਦਰ ਵਿਚਰਦਾ ਹੈ ਅਤੇ ਬਿਨ੍ਹਾਂ ਪੈਦਾ ਹੋਏ ਵੀ ਇਹ ਬਹੁਤ ਵਾਰੀ ਜਨਮ ਲੈਂਦਾ ਹੈ ਕਿਉਂਕਿ ਗਿਆਨੀ ਇਸ ਦੀ ਜੋਤੀ ਨੂੰ ਵੇਖਦੇ ਹਨ ਅਤੇ ਉਸ ਵਿੱਚ ਹੀ ਸਾਰੇ ਭਵਨਾਂ ਦੀ ਸਥਿਤੀ ਹੈ। ਇਹ ਮੰਤਰ ਰਹੱਸ ਨਾਲ ਭਰਿਆ ਹੋਇਆ ਪ੍ਰਤੀਤ ਹੁੰਦਾ ਹੈ ਕਿਉਂਕਿ ਇਕ ਪਾਸੇ ਸਾਰੇ

ਤਾਂ ਇਸ ਨੂੰ ਅਨੇਕਾਂ ਜਨਮਾਂ ਵਿੱਚ ਵਿਚਰਦਾ ਦੱਸਿਆ ਹੈ ਅਤੇ ਦੂਜੇ ਪਾਸੇ ਇਸ ਨੂੰ ਅਜਨਮਾ ਸਮਝਿਆ ਗਿਆ ਹੈ ਅਤੇ ਤੀਜੇ ਪਾਸੇ ਇਸ ਵਿੱਚ ਸਾਰੇ ਭਵਨਾਂ ਦੀ ਸਥਿਤੀ ਦੱਸੀ ਗਈ ਹੈ। ਇਨ੍ਹਾਂ ਤਿੰਨਾਂ ਪੱਖਾਂ ਤੇ ਵਿਚਾਰ ਕਰਨ ਨਾਲ ਇਹ ਲੱਗਦਾ ਹੈ ਕਿ ਪੁਰੁਸ਼ ਆਪ ਹੀ ਜੀਵ ਰੂਪ ਧਾਰਣ ਕਰਕੇ ਗਰਭ ਵਿੱਚ ਜਾਂਦਾ ਹੈ, ਪਰ ਇਸ ਦਾ ਜਨਮ ਨਹੀਂ ਹੁੰਦਾ ਕਿਉਂਕਿ ਗਰਭ ਵਿੱਚ ਜਨਮ ਤੋਂ ਪਹਿਲੇ ਵੀ ਇਸ ਦੀ ਸੱਤਾ ਹੁੰਦੀ ਹੈ ਅਤੇ ਸਰੀਰਾਂ ਦੇ ਛੱਡਣ ਤੋਂ ਬਾਅਦ ਵੀ ਇਸ ਦੀ ਸੱਤਾ ਹੁੰਦੀ ਹੈ। ਇਸ ਦਾ ਭਾਵ ਗੀਤਾ ਦੇ ਦੂਜੇ ਅਧਿਆਇ ਵਿੱਚ ਸਪੱਸ਼ਟ ਕੀਤਾ ਗਿਆ ਹੈ ਅਤੇ ਇਸ ਭਾਵ ਦੇ ਅਨੁਸਾਰ ਜਨਮ ਤੇ ਮਰਨ ਆਤਮਾ, ਪੁਰੁਸ਼ ਜਾਂ ਜੀਵ ਦਾ ਨਹੀਂ ਹੁੰਦਾ, ਬਲਕਿ ਸਰੀਰ ਦਾ ਹੀ ਹੁੰਦਾ ਹੈ। ਜਿਵੇਂ ਘੜਾ ਟੁੱਟ ਜਾਣ ਨਾਲ ਘੜੇ ਦੇ ਆਕਾਸ਼ ਦਾ ਨਾਸ਼ ਨਹੀਂ ਹੁੰਦਾ, ਇਸੇ ਤਰ੍ਹਾਂ ਸਰੀਰ ਦੇ ਮਰਣ ਨਾਲ ਜੀਵ ਦਾ ਮਰਣ ਨਹੀਂ ਹੁੰਦਾ।

ਪਰ ਇਸ ਮੰਤਰ ਵਿੱਚ ਇਹ ਕਿਹਾ ਗਿਆ ਹੈ ਕਿ ਇਸ ਪੁਰੁਸ਼ ਵਿੱਚ ਸਾਰੇ ਭਵਨ ਸਥਿਤ ਹਨ। ਇਸ ਵਾਕ ਤੋਂ ਤਾਂ ਇਹੀ ਪ੍ਰਤੀਤ ਹੁੰਦਾ ਹੈ ਕਿ ਵਿਸ਼ਵ-ਪੁਰੁਸ਼ ਅਤੇ ਵਿਅਕਤੀਗਤ ਚੇਤਨਾ ਜਾਂ ਜੀਵ ਵਿਚ ਕੋਈ ਪਰਮਾਰਥਕ ਭੇਦ ਨਹੀਂ। ਕਠ ਉਪਨਿਸ਼ਦ ਵਿੱਚ ਬਿਲਕੁਲ ਸਪੱਸ਼ਟ ਰੂਪ ਵਿੱਚ ਕਿਹਾ ਹੈ ਕਿ ਜਿਵੇਂ ਅਗਨੀ ਅਤੇ ਵਾਯੂ ਅਨੇਕ ਰੂਪ ਧਾਰਨ ਕਰ ਲੈਂਦੇ ਹਨ, ਇਸੇ ਤਰ੍ਹਾ ਸਾਰੇ ਭੂਤਾਂ ਵਿੱਚ ਇਕ ਅੰਤਰਾਤਮਾ ਹੈ ਅਤੇ ਉਹੀ ਸਾਰੇ ਰੂਪ ਧਾਰਨ ਕਰ ਲੈਂਦਾ ਹੈ ਅਤੇ ਫਿਰ ਵੀ ਇਸ ਤੋਂ ਬਾਹਰ ਰਹਿੰਦਾ ਹੈ। ਮੁੰਡਕ ਉਪਨਿਸ਼ਦ ਵਿੱਚ ਵੀ ਆਤਮਾ ਨੂੰ ਸਾਰੇ ਲੋਕਾਂ ਦਾ ਆਧਾਰ ਮੰਨਿਆ ਗਿਆ ਹੈ। ਇਨ੍ਹਾਂ ਪ੍ਰਸੰਗਾਂ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਪਰਮ-ਪੁਰੁਸ਼ ਜਾਂ ਪਰਮਾਤਮਾ ਅਤੇ ਵਿਅਕਤੀਗਤ-ਪੁਰੁਸ਼ ਜਾਂ ਜੀਵਾਤਮਾ ਵਿਵਹਾਰ ਵਿੱਚ ਹੀ ਵੱਖਰੇ-ਵੱਖਰੇ ਪ੍ਰਤੀਤ ਹੁੰਦੇ ਹਨ, ਪਰ ਮੂਲ ਤੱਤ ਦੀ ਭਾਵਨਾ ਦੇ ਅਨੁਸਾਰ ਉਨ੍ਹਾਂ ਵਿੱਚ ਇਕ ਹੀ ਸੱਤਾ ਹੈ। ਏਹੀ ਕਾਰਣ ਹੈ ਕਿ ਵੇਦ ਨੇ ਗਰਭ ਵਿੱਚ ਵਿਚਰਨ ਵਾਲੇ ਪਰਜਾਪਤੀ ਵਿੱਚ ਹੀ ਸਾਰੇ ਲੋਕਾਂ ਦੀ ਸਥਿਤੀ ਦੱਸੀ ਹੈ। ਸ਼ੰਕਰਾਚਾਰੀਆ ਨੇ ਉਪਨਿਸ਼ਦਾਂ ਦੇ ਅਤੇ ਖਾਸ ਕਰਕੇ ਚਾਰ ਵੇਦਾਂ ਦੇ ਚਾਰ ਉਪਨਿਸ਼ਦਾਂ ਦੇ ਚਾਰ ਮਹਾਂਵਾਕਾਂ ਦੇ ਆਧਾਰ ਤੇ ਬ੍ਰਹਮ ਤੇ ਜੀਵ ਵਿੱਚ ਇਕਰੂਪਤਾ ਜਾਂ ਸਰੂਪ ਦੀ ਅਭਿੰਨਤਾ ਸਿੱਧ ਕੀਤੀ ਹੈ। ਇਸ ਤਰ੍ਹਾਂ ਇਹੀ ਲੱਗਦਾ ਹੈ ਕਿ ਜੀਵ ਅਤੇ ਪੁਰੁਸ਼ ਵਿੱਚ ਯਜੁਰਵੇਦ ਦੇ ਪੁਰੁਸ਼ ਸੂਕਤ ਦੇ ਅਨੁਸਾਰ ਸਰੂਪ ਭੇਦ ਨਹੀਂ ਹੈ। ਇਸ ਲਈ ਭੇਦ ਕੇਵਲ ਵਿਵਹਾਰਿਕ ਹੈ।

## 12. ਪੁਰੁਸ਼ ਮੁਕਤੀ ਦਾ ਸਾਧਨ ਹੈ

ਯਜੁਰਵੇਦ ਦੇ ਪੁਰੁਸ਼-ਸੂਕਤ ਦੇ ਅਠਾਰ੍ਹਵੇਂ ਮੰਤਰ ਵਿੱਚ ਕਿਹਾ ਹੈ ਕਿ ਇਸ ਪ੍ਰਕਾਸ਼ ਰੂਪ ਪੁਰੁਸ਼ ਨੂੰ ਜਾਣ ਕੇ ਵਿਅਕਤੀ ਮ੍ਰਿਤੂ ਤੋਂ ਪਾਰ ਹੋ ਜਾਂਦਾ ਹੈ ਅਤੇ ਮੁਕਤੀ ਦਾ ਹਰ ਕੋਈ ਮਾਰਗ ਨਹੀਂ ਹੈ। ਇਹ ਮੰਤਰ ਉਪਨਿਸ਼ਦ ਵਿੱਚ ਵੀ ਮਿਲਦਾ ਹੈ ਅਤੇ ਸ਼ੰਕਰ ਆਦਿ ਗਿਆਨਵਾਦੀ ਗਿਆਨਮਾਤਰ ਹੀ ਮੁਕਤੀ ਦਾ ਸਾਧਨ ਮੰਨਦੇ ਹੋਏ ਵੇਦ ਦੇ ਇਸ ਵਾਕ ਦਾ ਪ੍ਰਮਾਣ ਦਿੰਦੇ ਹਨ। ਇਹ ਪੁਰੁਸ਼ ਆਤਮ ਰੂਪ ਜਾਂ ਜੀਵ ਰੂਪ ਵਿੱਚ ਪਰਮਾਰਥ-ਦ੍ਰਿਸ਼ਟੀ ਦੇ ਆਧਾਰ ਤੇ ਤਾਂ ਸਦਾ ਮੁਕਤ ਹੈ, ਪਰ ਵਿਵਹਾਰਿਕ ਦ੍ਰਿਸ਼ਟੀ ਦੇ ਅਨੁਸਾਰ ਇਹ ਬੰਧਨ ਵਿੱਚ ਪ੍ਰਤੀਤ ਹੁੰਦਾ ਹੈ। ਇਸ ਬੰਧਨ ਦੀ ਪ੍ਰਤੀਤੀ ਹੀ ਬੰਧਨ ਦਾ ਰੂਪ ਹੈ ਅਤੇ ਸੰਤਾਂ ਨੇ ਇਸ ਦਾ ਕਾਰਨ ਅਵਿੱਦਿਆ ਨੂੰ ਹੀ ਮੰਨਿਆ ਹੈ। ਇਸ ਦਾ ਅਰਥ ਇਹ ਹੈ ਕਿ ਸਾਰੇ ਬੰਧਨ ਕੇਵਲ ਅਵਿਦਿਆ ਕਰਕੇ ਹਨ। ਇਹ ਅਵਿੱਦਿਆ ਹੀ ਬੰਧਨ ਦਾ ਕਾਰਣ ਹੈ ਅਤੇ ਇਹੀ ਬੰਧਨ ਦਾ ਰੂਪ ਹੈ। ਜਦੋਂ ਸ਼ਾਸਤਰਾਂ ਦੇ ਗਿਆਨ ਨਾਲ, ਸੰਤਾਂ ਦੀ ਸੰਗਤ ਨਾਲ ਅਤੇ ਮੁਕਤੀ ਦੀ ਭਾਵਨਾ ਨਾਲ ਵਿਅਕਤੀ ਜਾਂ ਜੀਵ ਉਸ ਪਰਮ-ਪੁਰੁਸ਼ ਦੇ ਸਰੂਪ ਨੂੰ ਸਮਝ ਲੈਂਦਾ ਹੈ ਤਾਂ ਉਹ ਮ੍ਰਿਤੂ ਦੇ ਬੰਧਨ ਤੋਂ ਮੁਕਤ ਹੋ ਜਾਂਦਾ ਹੈ। ਅਸਲ ਵਿੱਚ ਸਮਝਣ ਦੀ ਗੱਲ ਤਾਂ ਇਹੀ ਹੈ ਕਿ 'ਮੈਂ' ਦਾ ਅਰਥ ਸਰੀਰ, ਇੰਦਰੀਆਂ, ਪ੍ਰਾਣ, ਮਨ ਅਤੇ ਬੁੱਧੀ ਨਹੀਂ ਹੈ, ਬਲਕਿ 'ਮੈਂ' ਦਾ ਅਰਥ ਤਾਂ ਸ਼ੁੱਧ-ਚੇਤਨਾ ਹੈ। ਇਹ ਸ਼ੁੱਧ-ਚੇਤਨਾ ਹੀ ਆਤਮਾ ਹੈ, ਇਹੀ ਪੁਰੁਸ਼ ਹੈ, ਇਹ ਸਭ ਵਿੱਚ ਹੈ ਅਤੇ ਸਭ ਕੁੱਝ ਇਸ ਵਿੱਚ ਹੈ। ਜਦੋਂ ਵਿਅਕਤੀ ਇਸ ਤਰ੍ਹਾਂ ਆਤਮਾ ਅਤੇ ਅਨਾਤਮ ਪਦਾਰਥਾਂ ਵਿੱਚ ਵਿਵੇਚਨ ਕਰ ਲੈਂਦਾ ਹੈ ਤਾਂ ਉਸ ਦੀ ਬੁੱਧੀ, ਵਿਚ ਆਤਮ-ਬੋਧ ਦਾ ਪ੍ਰਕਾਸ਼ ਹੋਣ ਲੱਗਦਾ ਹੈ। ਇਹ ਪ੍ਰਕਾਸ਼ ਉਸ ਪਰਮ-ਪੁਰੁਸ਼ ਦਾ ਹੀ ਹੁੰਦਾ ਹੈ, ਜਿਸ ਦਾ ਵਰਣਨ ਵੇਦਾਂ ਅਤੇ ਵੇਦਾਂਤ ਵਿੱਚ ਕੀਤਾ ਗਿਆ ਹੈ, ਭਗਤੀਵਾਦੀ ਭਗਤੀ ਨੂੰ ਮੁਕਤੀ ਦਾ ਸਾਧਨ ਸਮਝਦੇ ਹਨ, ਪਰ ਵੇਦ ਦੇ ਉੱਪਰ ਦੱਸੇ ਵਾਕ ਅਨੁਸਾਰ ਤਾਂ ਪੁਰੁਸ਼ ਦਾ ਗਿਆਨ ਮੁਕਤੀ ਦਾ ਹੇਤੁ ਮੰਨਿਆ ਜਾ ਸਕਦਾ ਹੈ। ਕਰਮਵਾਦੀ ਕਰਮ ਤੇ ਜ਼ੋਰ ਦਿੰਦੇ ਹਨ ਅਤੇ ਕਰਮ ਨੂੰ ਮੁਕਤੀ ਦਾ ਹੇਤੂ ਸਮਝਦੇ ਹਨ। ਗੀਤਾ ਵਿੱਚ ਕਰਮ,

ਭਗਤੀ ਅਤੇ ਗਿਆਨ ਦਾ ਸੰਯੋਗ ਦੱਸਿਆ ਗਿਆ ਹੈ। ਇਹ ਸਾਰੇ ਹੀ ਮੁਕਤੀ ਦੇ ਪਰੋਖ ਜਾਂ ਅਪਰੋਖ ਸਾਧਨ ਹਨ, ਪਰ ਵੇਦਾਂਤ ਜਾਂ ਉਪਨਿਸ਼ਦਾਂ ਵਿੱਚ ਜ਼ਿਆਦਾਤਰ ਗਿਆਨ ਨੂੰ ਜਾਂ ਆਤਮ-ਗਿਆਨ ਨੂੰ ਮੁਕਤੀ ਦਾ ਸਾਧਨ ਦੱਸਿਆ ਗਿਆ ਹੈ, ਪਰ ਇਕ, ਦੋ ਜਗ੍ਹਾ ਆਤਮਾ ਜਾਂ ਪਰਮਾਤਮਾ ਜਾਂ ਪਰਮ-ਪੁਰਸ਼ ਦੇ ਪ੍ਰਸਾਦ ਜਾਂ ਮਿਹਰ ਜਾਂ ਕਿਰਪਾ ਦੀ ਗੱਲ ਵੀ ਕੀਤੀ ਗਈ ਹੈ। ਇਸ ਕਰਕੇ ਧਰਮਵਾਦੀ ਲੋਕ ਗਿਆਨ ਨਾਲੋਂ ਈਸ਼ਵਰ ਦੀ ਕਿਰਪਾ ਤੇ ਜ਼ਿਆਦਾ ਵਿਸ਼ਵਾਸ ਰੱਖਦੇ ਹਨ। ਕਹਿਣ ਦਾ ਭਾਵ ਇਹ ਹੈ ਕਿ ਜੀਵ ਦੀ ਮੁਕਤੀ ਦੇ ਅਨੇਕ ਸਾਧਨ ਹੋ ਸਕਦੇ ਹਨ, ਪਰ ਵੇਦ ਨੇ ਤਾਂ ਪੁਰਸ਼ ਦੇ ਗਿਆਨ ਨਾਲ ਹੀ ਮੁਕਤੀ ਦਾ ਉਪਦੇਸ਼ ਦਿੱਤਾ ਹੈ। ਇਸ ਲਈ ਵੇਦਾਂ ਦਾ ਪੁਰਸ਼ ਮੁਕਤੀ ਦਾ ਸਾਧਨ ਵੀ ਹੈ।

## 13. ਨਿਸ਼ਕਰਸ਼ :

ਰਿਗਵੇਦ ਅਤੇ ਦੂਜੇ ਵੇਦਾਂ ਦੇ ਪੁਰਸ਼ ਸੂਕਤ ਦੇ ਮੰਤਰਾਂ ਤੇ ਵਿਚਾਰ ਕੀਤਾ ਹੈ। ਇਹ ਸੂਕਤ ਦਾ ਦਾਰਸ਼ਨਿਕ ਅਤੇ ਰਹੱਸਵਾਦੀ ਭਾਵਾਂ ਨਾਲ ਭਰਿਆ ਹੋਇਆ ਹੈ। ਇਸ ਦੇ ਹਰੇਕ ਵਾਕ ਵਿੱਚ ਰਹੱਸ ਪ੍ਰਤੀਤ ਹੁੰਦਾ ਹੈ। ਫਿਰ ਵੀ ਆਪਣੀ ਸਮਝ ਦੇ ਅਨੁਸਾਰ ਅਤੇ ਵੈਦਿਕ ਭਾਸ਼ਾ ਦੇ ਕੁੱਝ ਬੋਧ ਦੇ ਅਨੁਸਾਰ ਇੱਥੇ ਪੁਰਸ਼-ਸੂਕਤ ਦੇ ਪੁਰਸ਼ ਦੇ ਸਰੂਪ ਦਾ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਹੈ। ਇਸ ਸੂਕਤ ਤੇ ਵਿਚਾਰ ਕਰਨ ਨਾਲ ਇਹ ਪਤਾ ਲੱਗਿਆ ਹੈ ਕਿ ਵੇਦਾਂ ਦਾ ਇਹ ਪੁਰਸ਼ ਸਾਧਾਰਣ ਪੁਰਸ਼ ਨਹੀਂ ਹੈ, ਬਲਕਿ ਇਹ ਆਪਣੇ ਆਪ ਵਿੱਚ ਪੂਰਣ-ਪੁਰਸ਼ ਹੈ ਕਿਉਂਕਿ ਇਹ ਸੰਪੂਰਣ ਗਿਆਨ ਦਾ ਸ੍ਰੋਤ ਹੈ ਅਤੇ ਆਪ ਹੀ ਗਿਆਨ-ਸਰੂਪ ਹੈ। ਇਸ ਦੇ ਹਜ਼ਾਰਾਂ ਹੱਥ, ਪੈਰ, ਅੱਖਾਂ ਆਦਿ ਇਸ ਦੀਆਂ ਹਜ਼ਾਰਾਂ ਸ਼ਕਤੀਆਂ ਦਾ ਸੰਕੇਤ ਕਰਦੇ ਹਨ। ਇਹ ਪੁਰਸ਼ ਭਾਵੇਂ ਵਿਸ਼ਵ-ਰੂਪ ਅਤੇ ਵਿਸ਼ਵ-ਵਿਆਪਕ ਹੈ, ਫਿਰ ਵੀ ਇਹ ਮਨੁੱਖੀ ਗਿਆਨ ਦਾ ਵਿਸ਼ਾ ਨਹੀਂ ਹੈ, ਕਿਉਂਕਿ ਸਾਰਾ ਵਿਸ਼ਵ ਤਾਂ ਉਸ ਦੇ ਕੇਵਲ ਇਕ ਅੰਸ਼ ਵਿੱਚ ਹੈ ਅਤੇ ਇਹ ਅੰਸ਼ ਬ੍ਰਹਮਾਂਡ ਦੀ ਵੀ ਪ੍ਰਤੀਨਿਧਤਾ ਕਰਦਾ ਹੈ। ਇਹ ਬ੍ਰਹਿਮੰਡ ਦਾ ਹੀ ਅੰਸ਼ ਪ੍ਰਤੀਤ ਨਹੀਂ ਹੁੰਦਾ, ਕਿਉਂਕਿ ਵੱਡੇ-ਵੱਡੇ ਵਿਗਿਆਨੀ ਵੀ ਇਸ ਵਿਸ਼ਵ ਨੂੰ ਅਨੰਤ ਹੀ ਸਮਝਦੇ ਹਨ।

ਪੁਰਸ਼-ਸੂਕਤ ਦੀ ਭਾਸ਼ਾ ਭਾਵੇਂ ਪ੍ਰਤੀਕਾਤਮਕ ਹੈ, ਫਿਰ ਵੀ ਇਹ ਪੁਰਸ਼ ਦੇ ਬਹੁਤ ਕੁਝ ਨੂੰ ਸਮਝਾਉਂਦੀ ਹੈ। ਇਹ ਪੁਰਸ਼ ਅਨੰਤ ਹੈ ਅਤੇ ਅਨੰਤ ਗਿਆਨ, ਬਲ, ਐਸ਼ਵਰਿਅ ਵਾਲਾ ਹੈ। ਇਸ ਪੁਰਸ਼ ਵਿੱਚੋਂ ਹੀ ਵਿਸ਼ਵ ਦੀ ਅਭਿਵਿਅਕਤੀ ਹੋਈ ਹੈ, ਇਸ ਅਭਿਵਿਅਕਤੀ ਦਾ ਕਾਰਣ, ਇਸ ਦਾ ਕਰਤਾ ਅਤੇ ਇਸ ਦਾ ਕੋਈ ਆਧਾਰ ਹੈ। ਇਸ ਕਰਕੇ ਇਸ ਵਿਸ਼ਵ ਦੀ ਹੋਂਦ ਪੁਰਸ਼ ਦੀ ਹੋਂਦ ਤੋਂ ਵੱਖਰੀ ਨਹੀਂ ਹੈ। ਜਿਵੇਂ ਉਪਨਿਸ਼ਦਾਂ ਵਿੱਚ ਕਿਹਾ ਜਾਂਦਾ ਹੈ ਕਿ ਸਭ ਕੁੱਝ ਬ੍ਰਹਮ ਹੀ ਹੈ, ਉਸੇ ਤਰ੍ਹਾਂ ਪੁਰਸ਼-ਸੂਕਤ ਵਿੱਚ ਪੁਰਸ਼ ਨੂੰ ਹੀ ਸਭ ਕੁੱਝ ਕਿਹਾ ਗਿਆ ਹੈ। ਵਿਸ਼ਵ ਦੀ ਹਰ ਚੀਜ਼ ਆਪਣੇ ਆਪ ਵਿੱਚ ਦੈਵੀ-ਦ੍ਰਿਸ਼ਟੀ ਨਾਲ ਪੂਰਣ ਪ੍ਰਤੀਤ ਹੁੰਦੀ ਹੈ ਕਿਉਂਕਿ ਇਸ ਦਾ ਕਾਰਣ ਉਹ ਆਪਣੇ ਆਪ ਵਿੱਚ ਪੂਰਣ ਹੈ ਇਸ ਕਰਕੇ ਇਸ ਨੂੰ ਪੁਰਸ਼ ਕਹਿੰਦੇ ਹਨ, ਪਰ ਲੋਕ ਜਾਂ ਵਿਅਕਤੀਆਂ ਵਿੱਚ ਜਿਹੜੀ ਅਪੂਰਣਤਾਂ ਪ੍ਰਤੀਤ ਹੁੰਦੀ ਹੈ ਉਸ ਦਾ ਕਾਰਣ ਸਾਡੀ ਆਪਣੀ ਅਵਿਦਿਆ ਹੈ ਅਤੇ ਮਨੁੱਖੀ ਗਿਆਨ ਦੇ ਸਾਧਨਾਂ ਦੀ ਸੀਮਾ ਹੈ। ਸਾਡੀਆਂ ਇੰਦਰੀਆਂ ਅਤੇ ਬੁੱਧੀਆਂ ਦੇ ਗਿਆਨ ਦੀ ਕੁੱਝ ਸੀਮਾ ਵਿਧਾਤਾ ਨੇ ਆਪ ਹੀ ਬਣਾਈ ਹੈ। ਇਸ ਕਰਕੇ ਇਹ ਆਪਣੀ ਸੀਮਾ ਤੋਂ ਪਰ੍ਹਾਂ ਨਹੀਂ ਜਾ ਸਕਦੀਆਂ। ਪਰ ਰਿਗਵੇਦ ਦਾ ਪੁਰਸ਼ ਤਾਂ ਆਪ ਹੀ ਸਾਰੀਆਂ ਸੀਮਾਵਾਂ ਤੋਂ ਪਰ੍ਹਾਂ ਹੈ, ਇਸੇ ਲਈ ਉਸ ਨੂੰ ਬ੍ਰਹਮ ਕਿਹਾ ਹੈ।

ਇਹ ਪੁਰਸ਼ ਅੰਮ੍ਰਿਤ ਹੈ, ਜ਼ਿਆਦਾਤਰ ਆਪਣੇ ਦੇਵੀ ਰੂਪ ਵਿੱਚ ਹੀ ਰਹਿੰਦਾ ਹੈ। ਸਾਰੀ ਪ੍ਰਕ੍ਰਿਤੀ ਦਾ ਰੂਪ ਇਹ ਆਪ ਹੀ ਆਪਣੇ ਕਿਸੇ ਅੰਸ਼ ਵਿੱਚ ਧਾਰਨ ਕਰਦਾ ਹੈ। ਜਿਵੇਂ ਮਿੱਟੀ ਦਾ ਘੜਾ ਮਿੱਟੀ ਤੋਂ ਵੱਖਰਾ ਨਹੀਂ ਹੁੰਦਾ, ਬਲਕਿ ਮਿੱਟੀ ਹੀ ਹੁੰਦਾ ਹੈ, ਇਸੇ ਤਰ੍ਹਾਂ ਇਹ ਵਿਸ਼ਵ ਪੁਰਸ਼ ਦਾ ਰੂਪ ਹੀ ਹੈ ਅਤੇ ਇਸ ਤੋਂ ਵੱਖਰਾ ਵੀ ਹੈ। ਇਸ ਵਿਸ਼ਵ ਨੂੰ ਵੇਦਾਂ ਵਿੱਚ ਪੁਰਸ਼ ਦਾ ਯੱਗ-ਕਰਮ ਜਾਂ ਪਵਿੱਤਰ ਕਰਮ ਕਿਹਾ ਜਾਂਦਾ ਹੈ। ਕਦੀ-ਕਦੀ ਤਾਂ ਪੁਰਸ਼ ਨੂੰ ਵੀ ਯੱਗ ਦਾ ਰੂਪ ਮੰਨ ਲਿਆ ਜਾਂਦਾ ਹੈ। ਕਿਉਂਕਿ ਪੁਰਸ਼ ਵੀ ਯੱਗ-ਰੂਪ ਹੈ ਅਤੇ ਇਸ ਰਚਨਾ ਦੀ ਸੱਤਾ ਵੀ ਪੁਰਸ਼ ਦੀ ਸੱਤਾ ਤੋਂ ਵੱਖਰੀ ਨਹੀਂ ਹੈ। ਇਹ ਪੁਰਸ਼ ਪਹਿਲੇ ਆਪਣੇ ਆਪ ਵਿਚੋਂ ਵਿਰਾਣ-ਪੁਰਸ਼ ਜਾਂ ਜਗਤ ਦੇ ਸੂਖਮ ਆਕਾਰ ਦੀ ਰਚਨਾ ਕਰਦਾ ਹੈ ਅਤੇ ਫਿਰ ਆਪਣੇ ਯੱਗ ਦੀ ਪ੍ਰਕ੍ਰਿਆ ਦੁਆਰਾ ਸਥੂਲ ਜਗਤ ਦੀ ਰਚਨਾ ਕਰਦਾ ਹੈ। ਇਹ ਪੁਰਸ਼ ਸਮਾਜ ਰੱਖਿਆ ਅਤੇ ਵਿਵਸਥਾ ਵਾਸਤੇ ਆਪਣੇ ਵਿਚੋਂ ਹੀ ਬ੍ਰਾਹਮਣ, ਖੱਤਰੀ

ਆਦਿ ਵਰਣਾਂ ਦੀ ਅਭਿਵਿਅਕਤੀ ਕਰਦਾ ਹੈ। ਇਸ ਪੁਰੁਸ਼-ਸੂਕਤ ਦੇ ਪੜ੍ਹਨ ਅਤੇ ਸਮਝਣ ਨਾਲ ਇਹ ਪ੍ਰਤੀਤ ਹੁੰਦਾ ਹੈ ਕਿ ਸਾਰੇ ਜੜ੍ਹ-ਚੇਤਨ ਪਦਾਰਥਾਂ ਦੀ ਅਭਿਵਿਅਕਤੀ ਦਾ ਆਧਾਰ ਇਹ ਪੁਰੁਸ਼ ਹੀ ਹੈ। ਇਹ ਪੁਰੁਸ਼ ਹੀ ਬੰਧਨ ਜਾਂ ਮੁਕਤੀ ਦਾ ਆਧਾਰ ਹੈ। ਇਹ ਜੀਵ ਹੈ, ਇਹੀ ਈਸ਼ਵਰ ਹੈ, ਇਹੀ ਬ੍ਰਹਮ ਹੈ ਅਤੇ ਇਹੀ ਸਭ ਕੁੱਝ ਹੈ।

## ਵੈਦਿਕ ਦੇਵਤੇ ਅਤੇ ਹਵਨ (Vedic gods and Sacrifices):

ਵੈਦਿਕ ਆਰੀਆ ਬਹੁਤ ਸਾਰੇ ਦੇਵਤਿਆਂ ਦੀ ਪੂਜਾ ਕਰਦੇ ਸਨ ਜਿਵੇਂ ਇੰਦਰ ਅਗਨੀ, ਵਿਸ਼ਨੂੰ, ਬ੍ਰਹਸਪਤੀ, ਪ੍ਰਿਥਵੀ, ਸੂਰਜ, ਊਸ਼ਾ, ਵਾਤ ਜਾਂ ਵਾਯੂ, ਵਾਕ, ਵਰੁਣ, ਪ੍ਰਜਾਪਤੀ, ਰੁਦ੍ਰ ਅਤੇ ਹੋਰ ਬਹੁਤ ਸਾਰੇ। ਹਰ ਦੇਵਤੇ ਨੂੰ ਉਚਤਮ ਦੇਵ ਦੇ ਰੂਪ ਵਿੱਚ ਪੂਜਿਆ ਜਾਂਦਾ ਸੀ ਜਿਵੇਂ ਦੁਨੀਆਂ ਨੂੰ ਪੈਦਾ ਕਰਨ ਵਾਲਾ ਅਤੇ ਉਸ ਨੂੰ ਪਾਲਣ ਵਾਲਾ, ਮਨੁੱਖ ਨੂੰ ਖੁਸ਼ੀ ਦੇਣ ਵਾਲਾ ਅਤੇ ਬੁਰਾਈਆਂ ਤੋਂ ਉਸ ਦੀ ਰੱਖਿਆ ਕਰਨ ਵਾਲਾ। ਰਿਗਵੇਦ ਵਿੱਚ ਬਹੁਤ ਸਾਰੇ ਥਾਵਾਂ ਤੇ ਇੰਦ੍ਰ ਨੂੰ ਸ੍ਰਿਸ਼ਟੀ ਦਾ ਇਕੱਲਾ ਮਾਲਕ ਕਿਹਾ ਗਿਆ ਹੈ, ''ਇੰਦ੍ਰ, ਮਨੁੱਖ ਅਤੇ ਧਨ ਦੌਲਤ ਦਾ ਮਾਲਕ ਹੈ (1.7.9)'' ਤਕਰੀਬਨ ਸਾਰੇ ਦੇਵਤਿਆਂ ਨੂੰ ਕਿਸੇ ਨਾ ਕਿਸੇ ਮਹਾਨ ਦੈਵੀ ਗੁਣ ਨਾਲ ਸਨਮਾਨਿਆ ਗਿਆ ਹੈ, ਜੋ ਕਿ ਪੌਰਾਣਿਕ ਸਮਿਆਂ ਦੀ ਵੀ ਸੱਚੀ ਦ੍ਰਿਸ਼ਟੀ ਹੈ ਜਿਹੜੀ ਵਿਸ਼ਨੂੰ, ਸ਼ਿਵ, ਕਾਰਤੀਕੇਆ, ਅਤੇ ਦੂਸਰਿਆਂ ਹਰ ਇਕ ਨੂੰ ਜਦੋਂ ਉਨ੍ਹਾਂ ਦੀ ਪ੍ਰਸੰਸਾ ਕਰਦੀ ਹੈ ਸਰਬ-ਉੱਚ ਪਰਮਾਤਮਾ, ਕਰਕੇ ਉਚਿਆਉਂਦੀ ਹੈ। ਕੁੱਝ ਇਕ ਭਾਵਵਾਚੀ (Abstract) ਦੇਵਤਿਆਂ ਅਤੇ ਦੂਹਰੇ ਦੇਵਤਾਵਾਂ ਨੂੰ ਛੱਡ ਕੇ ਦੇਵਤਿਆਂ ਨੂੰ ਮੋਟੇ ਤੌਰ ਤੇ ਤਿੰਨ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ। ਭੂਮਿਅਈ (Terrestrial), ਵਾਤਾਵਰਨਿਕ (Atmospheric) ਅਤੇ ਬ੍ਰਹਮਲੋਕੀ ਜਾਂ ਆਕਾਸ਼ੀ (Celestial)। ਆਮ ਤੌਰ ਤੇ ਤਿੰਨਾਂ ਲੋਕਾਂ ਦੇ ਪ੍ਰਮੁੱਖ ਦੇਵਤਿਆਂ ਦੀ ਗਿਣਤੀ ਤੇਤੀ ਮੰਨੀ ਗਈ ਹੈ, ਹਰ ਇਕ ਲੋਕ ਦੇ ਗਿਆਰਾਂ ਦੇਵਤੇ।

ਵੈਦਿਕ ਦੇਵਤਿਆਂ ਦੇ ਸਹੀ ਸੁਭਾਅ ਦਾ ਨਿਰਣਾ ਕਰਨਾ ਆਸਾਨ ਨਹੀਂ ਹੈ। ਉਨ੍ਹਾਂ ਨੂੰ ਮਨੁੱਖੀ ਰੂਪ ਵਿੱਚ ਦਰਸਾਇਆ ਗਿਆ ਹੈ। ਉਨ੍ਹਾਂ ਦੇ ਵੱਖ-ਵੱਖ ਅੰਗ ਮੰਨੇ ਗਏ ਹਨ, ਉਹ ਵੱਖ-ਵੱਖ ਆਭੂਸ਼ਣ ਪਹਿਨਦੇ ਹਨ, ਹਥਿਆਰ ਫੜਦੇ ਹਨ ਅਤੇ ਰੱਥਾਂ ਵਿੱਚ ਯਾਤਰਾ ਕਰਦੇ ਹਨ ਜਿਨ੍ਹਾਂ ਨੂੰ ਘੋੜੇ ਅਤੇ ਹੋਰ ਜਾਨਵਰ ਖਿੱਚਦੇ ਹਨ। ਉਨ੍ਹਾਂ ਦੀਆਂ ਕੁੱਝ ਵਿਸ਼ੇਸ਼ਤਾਈਆਂ ਉਨ੍ਹਾਂ ਨੂੰ ਵੱਖ-ਵੱਖ ਕੁਦਰਤੀ ਦ੍ਰਿਸ਼ਟਮਾਨਾਂ ਨਾਲ ਜੋੜਦੀਆਂ ਹਨ। ਵੈਦਿਕ ਧਰਮ ਰਿਸ਼ੀਆਂ ਵੱਲੋਂ ਆਮ ਆਦਮੀ ਜਾਣੀਆਂ ਜਾਂਦੀਆਂ ਕੁਦਰਤ ਦੀਆਂ ਅੰਦਰੂਨੀ ਸ਼ਕਤੀਆਂ ਦੇ ਸੱਚੇ ਅਤੇ ਸਿੱਧੇ ਅਨੁਭਵ ਨੂੰ ਦਰਸਾਉਣ ਦਾ ਯਤਨ ਹੈ। ਅਸਲ ਵਿੱਚ ਵੈਦਿਕ ਧਰਮ ਦਾ ਲਾਜ਼ਮੀ ਲੱਛਣ ਦੇਵਤਿਆਂ ਅਤੇ ਮਨੁੱਖਾਂ ਵਿੱਚ ਸਿੱਧਾ ਸੰਵਾਦ ਹੈ।

ਰਿਗਵੇਦ ਦੇ ਸਾਰੇ ਸੂਕਤ (Hymns) ਤਕਰੀਬਨ ਦੇਵਤਿਆਂ ਦੀ ਪ੍ਰਸੰਸਾ ਵਿੱਚ ਰਚੇ ਗਏ ਹਨ। ਸਮਾਜਿਕ ਜਾਂ ਹੋਰ ਵੇਰਵਾ ਦੂਸਰੇ ਦਰਜੇ ਤੇ ਹੈ, ਕਿਉਂਕਿ ਇਨ੍ਹਾਂ ਦਾ ਹਵਾਲਾ ਅਚਾਨਕ ਹੀ ਕਿਸੇ ਦੇਵਤੇ ਪ੍ਰਤੀ ਸ਼ਰਧਾ ਦਰਸਾਉਂਦਾ ਆਇਆ ਹੈ। ਦੇਵਤੇ ਇੱਥੇ ਉਹ ਸ਼ਖਸ਼ੀਅਤਾਂ ਹਨ ਜੋ ਕੁਦਤਰ ਦੀਆਂ ਵੱਖ-ਵੱਖ ਸ਼ਕਤੀਆਂ ਦੀ ਪ੍ਰਧਾਨਤਾ ਕਰਦੀਆਂ ਹਨ। ਇਸੇ ਲਈ ਉਨ੍ਹਾਂ ਦਾ ਯੂਨਾਨੀ ਦੇਵਤਿਆਂ ਦੀ ਤਰ੍ਹਾਂ ਜਾਂ ਪਿਛਲੇਰੀਆਂ ਭਾਰਤੀ ਮਿਥਿਹਾਸਕ ਰਚਨਾਵਾਂ ਵਿੱਚ ਪੌਰਾਣਕ ਦੇਵਤਿਆਂ ਦੇ ਤਰ੍ਹਾ ਕੋਈ ਪੱਕੇ, ਵਿਧੀਪੂਰਵਕ ਅਤੇ ਵੱਖਰੇ ਚਰਿੱਤਰ ਨਹੀਂ ਹਨ। ਕੁਦਰਤੀ ਸ਼ਕਤੀਆਂ ਜਿਵੇਂ ਤੂਫ਼ਾਨ, ਮੀਂਹ, ਗਰਜ ਆਦਿ ਇਕ ਦੂਸਰੇ ਨਾਲ ਬਹੁਤ ਨੇੜਿਉਂ ਜੁੜੀਆਂ ਹੋਈਆਂ ਹਨ ਅਤੇ ਇਨ੍ਹਾਂ ਸ਼ਕਤੀਆਂ ਨਾਲ ਜੁੜੇ ਹੋਏ ਦੇਵਤਿਆਂ ਦਾ ਵੀ ਇਹੀ ਚਰਿੱਤਰ ਹੈ। ਵੱਖਰੇ-ਵੱਖਰੇ ਦੇ ਵਤਿਆਂ ਨੂੰ ਉਹੀ ਇਕੋ ਉਪਾਧੀਆਂ ਦਿੱਤੀਆਂ ਗਈਆਂ ਹਨ ਅਤੇ ਉਹ ਕੁੱਝ ਇਕ ਗੁਣਾਂ ਵਿੱਚ ਹੀ ਇਕ ਦੂਜੇ ਨਾਲੋਂ ਵੱਖਰੇ ਹਨ। ਪਿਛਲੇਰੇ ਸਮੇਂ ਦੀਆਂ ਮਿਥਿਹਾਸਕ ਰਚਨਾਵਾਂ ਪੁਰਾਣਾ ਵਿੱਚ ਦੇਵਤੇ ਆਪਣਾ ਇਹ ਕੁਦਰਤੀ ਸ਼ਕਤੀਆਂ ਦੇ ਮਾਲਕ ਹੋਣ ਦਾ ਚਰਿੱਤਰ ਗੁਆ ਲੈਂਦੇ ਹਨ ਅਤੇ ਉਹ ਅਸਲੀ ਸ਼ਖਸੀਅਤਾਂ ਅਤੇ ਚਰਿੱਤਰ ਬਣ ਜਾਂਦੇ ਹਨ, ਜਿਨ੍ਹਾਂ ਦੀਆਂ ਆਪਣੀਆਂ, ਧਰਤੀ ਦੇ ਨਾਸ਼ਵਾਨ ਮਨੁੱਖਾਂ ਦੀ ਤਰ੍ਹਾਂ ਹੀ ਸੁੱਖ ਅਤੇ ਦੁੱਖ, ਖੁਸ਼ੀ ਅਤੇ ਗਮੀ ਦੀਆਂ ਕਹਾਣੀਆਂ ਹਨ। ਵੈਦਿਕ ਦੇਵਤਿਆਂ ਦਾ ਇਨ੍ਹਾਂ ਨਾਲ ਇਸ ਗੱਲ ਵਿੱਚ ਟਾਕਰਾ ਕੀਤਾ ਜਾ ਸਕਦਾ ਹੈ ਕਿ ਉਹ ਸੁਭਾ ਵਿੱਚ ਵਿਅਕਤੀਗਤ ਹਨ ਕਿਉਂਕਿ ਜੋ ਚਰਿੱਤਰ ਉਹ ਪੇਸ਼ ਕਰਦੇ ਹਨ ਉਹ ਕੁਦਰਤੀ ਸ਼ਕਤੀਆਂ ਦਾ ਹੀ ਇਜ਼ਹਾਰ ਹੈ। ਅਗਨੀ ਦਾ ਉਦਾਹਰਣ ਲੈਂਦੇ ਹਾਂ ਜਿਸ ਨੂੰ, ''ਨਰਮ ਲਕੜੀ ਵਿੱਚ ਛੁਪੀ ਹੋਈ

ਦਰਸਾਇਆ ਗਿਆ ਹੈ, ਜਿਵੇਂ ਇਕ ਸਦਨ ਵਿੱਚ ਬੰਦ ਹੋਵੇ, ਜਦੋਂ ਉਸ ਨੂੰ ਅੰਮ੍ਰਿਤ ਵੇਲੇ ਰਗੜ ਲਾਲ ਬੁਲਾਇਆ ਜਾਂਦਾ ਹੈ, ਉਹ ਅਚਾਨਕ ਹੀ ਸ਼ਾਨਦਾਰ ਚਮਕੀਲੇ ਰੂਪ ਵਿਚ ਉਗਮਦੀ ਹੈ, ਯੱਗ ਕਰਨ ਵਾਲਾ ਉਸ ਨੂੰ ਲੈਂਦਾ ਹੈ ਅਤੇ ਲੱਕੜੀ ਉੱਤੇ ਰੱਖਦਾ ਹੈ। ਜਦੋਂ ਪੁਜਾਰੀ ਉਸ ਉੱਤੇ ਪੰਘਰਿਆਂ ਹੋਇਆ ਘਿਉ ਪਾਉਂਦੇ ਹਨ, ਉਹ ਇਕ ਘੋੜੇ ਦੀ ਤਰ੍ਹਾਂ ਤਿਘਕਦੀ ਅਤੇ ਹਿਣਕਦੀ ਹੋਈ ਉਛਲਦੀ ਹੈ।

ਜਿਸ ਨੂੰ ਮਨੁੱਖ ਆਪਣੀ ਖੁਸ਼ਹਾਲੀ ਦੀ ਤਰ੍ਹਾਂ ਹੀ ਵੱਧਦਿਆਂ ਦੇਖਣ ਨੂੰ ਪਿਆਰ ਕਰਦੇ ਹਨ। ਉਹ ਉਸ ਦਿਨ ਤੇ ਹੈਰਾਨ ਹੁੰਦੇ ਹਨ ਜਦੋਂ ਉਹ ਆਪਨੀ ਦੇਵ ਪ੍ਰੇਮੀ (Suitor) ਦੀ ਤਰ੍ਹਾਂ ਆਪਣੇ ਆਪ ਨੂੰ ਬਦਲਦੇ ਰੰਗਾਂ ਨਾਲ ਸ਼ਿੰਗਾਰਦਾ ਹੈ ਸਾਰੇ ਪਾਸੇ ਇਕੋ ਜਿਹਾ ਸੁੰਦਰ, ਹਰ ਪਾਸੇ ਆਪਣਾ ਅਗਲਾ ਪਾਸਾ ਮੁੱਖ (Front) ਪੇਸ਼ ਕਰਦਾ ਹੈ,'' ਵਾਤ (ਵਾਯੂ) ਬਾਰੇ ਕਿਹਾ ਹੈ, ''ਉਹ ਕਿੱਥੇ ਪੈਦਾ ਹੋਇਆ ਸੀ ਅਤੇ ਕਿੱਥੋ ਆਉਂਦਾ ਹੈ, ਦੇਵਤਿਆਂ ਦਾ ਸੂਖਮ ਸਾਹ, ਸਰਿਸ਼ਟੀ ਦਾ ਮਹਾਨ ਪੁੱਤਰ (Offspring) ਪਰਮਾਤਮਾ, ਜਿਥੇ ਕਿੱਤੇ ਵੀ ਜਾਂਦਾ ਹੈ ਆਪਣੀ ਖੁਸ਼ੀ ਨਾਲ ਜਾਂਦਾ ਹੈ। ਉਸ ਦੀ ਕਾਹਲੀ ਆਵਾਜ਼ ਸਾਨੂੰ ਸਭ ਨੂੰ ਜਾਣਦੀ ਹੈ, ਉਸ ਦਾ ਰੂਪ ਕੀ ਹੈ? ਕੋਈ ਨਹੀਂ।''

ਇਹ ਕੁਦਰਤ ਦੀਆਂ ਸ਼ਕਤੀਆਂ ਅਤੇ ਉਸ ਦਾ ਪ੍ਰਗਟਾਅ ਸਨ, ਇੱਥੇ ਧਰਤੀ ਉੱਤੇ, ਆਲੇ-ਦੁਆਲੇ ਵਾਤਾਵਰਣ ਵਿੱਚ ਅਤੇ ਸਾਡੇ ਤੋਂ ਉੱਤੇ, ਸਵਰਗ ਵਿੱਚ ਆਕਾਸ਼ ਦੇ ਗੁੰਬਦ ਤੋਂ ਪਰ੍ਹੇ, ਜਿਹੜੇ ਵੈਦਿਕ ਕਵੀਆ ਦੀ ਉਪਾਸਨਾ ਅਤੇ ਰਚਨਾਤਮਕ ਸ਼ਕਤੀ ਨੂੰ ਉਭਾਰਦੀ ਸੀ।

## ਬਹੁਦੇਵਵਾਦ, ਸਾਦ੍ਰਿਸ਼ਵਾਦ, ਏਕੇਸ਼ਵਰਵਾਦ (ਅਦ੍ਵੈਤਵਾਦ) (Polytheism, Henotheism and Monotheism)

ਵੈਦਿਕ ਦੇਵਤਿਆਂ ਦੀ ਬਹੁਲਤਾ ਕਿਸੇ ਸਾਧਾਰਨ ਜਾਂਚਕਾਰ ਨੂੰ ਵੈਦਿਕ ਲੋਕਾਂ ਦੇ ਬਹੁਦੇਵਵਾਦ ਵਿੱਚ ਵਿਸ਼ਵਾਸ ਵਾਲੇ ਪਾਸੇ ਸੋਚਣ ਲਈ ਪ੍ਰੇਰ ਸਕਦੀ ਹੈ। ਇਕ ਜ਼ਹੀਨ ਪਾਠਕ ਨੂੰ ਇਸ ਵਿੱਚ ਨਾ ਬਹੁਦੇਵਵਾਦ ਅਤੇ ਨਾ ਹੀ ਅਦ੍ਵੈਤਵਾਦ ਮਿਲੇਗਾ, ਸਗੋਂ ਵਿਸ਼ਵਾਸ ਦਾ ਇਕ ਸਾਦਾ ਅਤੇ ਮੁੱਢਲਾ ਸੂਤਰ ਮਿਲੇਗਾ, ਜਿਸ ਵਿਚੋਂ ਅਸੀਂ ਕਹਿ ਸਕਦੇ ਹਾਂ ਕਿ ਇਨ੍ਹਾਂ ਦੋਹਾਂ ਨੇ ਜਨਮ ਲਿਆ। ਇੱਥੇ ਦੇਵਤੇ ਆਪਣੀਆਂ ਸਹੀ ਖਾਸ ਥਾਵਾਂ ਨੂੰ ਕਾਇਮ ਨਹੀਂ ਰੱਖਦੇ ਜਿਵੇਂ ਕਿ ਬਹੁਦੇਵਾਦ ਵਿੱਚ ਹੁੰਦਾ ਹੈ, ਪ੍ਰੰਤੂ ਇਨ੍ਹਾਂ ਵਿਚੋਂ ਹਰ ਕੋਈ ਤੱਥ ਦੇ ਮੁਤਾਬਿਕ ਕਿ ਉਹ ਪੂਜਾ ਦਾ ਵਿਸ਼ਾ ਹੈ ਜਾਂ ਨਹੀਂ, ਜਾਂ ਤੇ ਸਰਵ-ਉੱਚ ਦੇਵ ਦੇ ਤੌਰ ਤੇ ਚਮਕੇਗਾ ਅਤੇ ਜਾਂ ਤੁੱਛਤਾ ਵਿੱਚ ਸੁੰਗੜ ਜਾਵੇਗਾ। ਵੈਦਿਕ ਕਵੀ ਕੁਦਰਤ ਦੇ ਬੱਚੇ ਸਨ। ਹਰ ਕੁਦਰਤੀ ਦ੍ਰਿਸ਼ਮਾਨ (Natural Phenomenon) ਨੇ ਉਨ੍ਹਾਂ ਦੇ ਅਚੰਭੇ, ਸਿਫਤ ਜਾਂ ਸਤਿਕਾਰ ਨੂੰ ਉਭਾਰਿਆ। ਕਵੀ ਨੂੰ ਇਸ ਗੱਲ ਦਾ ਅਚੰਭਾ ਹੁੰਦਾ ਹੈ ਕਿ ''ਲਾਲ ਖਰ੍ਹਵੀ ਗਊ ਨਰਮ ਚਿੱਟਾ ਦੁੱਧ ਦਿੰਦੀ ਹੈ।'' ਸੂਰਜ ਦਾ ਚੜ੍ਹਨਾ ਅਤੇ ਛੁੱਪ ਜਾਣਾ ਵੈਦਿਕ ਰਿਸ਼ੀ ਦੇ ਮਨ ਵਿੱਚ ਝੁਣਕਾਰ ਛੇੜਦਾ ਹੈ ਅਤੇ ਹੈਰਾਨੀ ਵਿੱਚ ਖੁੱਲ੍ਹੀਆਂ ਅੱਖਾਂ ਨਾਲ ਉਹ ਪੁਕਾਰ ਉੱਠਦਾ ਹੈ,'' ਉਹ ਨੀਚੇ ਨਹੀਂ ਡਿੱਗਦਾ, ਨਾ ਹੀ ਉਸ ਨੂੰ ਪੱਕਾ ਬੰਨ੍ਹਿਆ ਹੋਇਆ ਹੈ, ਇਹ ਕਿਵੇਂ ਹੈ ਕਿ ਨੀਚੇ ਉੱਤਰਦਾ ਹੋਇਆ ਵੀ ਸੂਰਜ ਨੀਚੇ ਨਹੀਂ ਡਿੱਗਦਾ? ਉਸ ਦੇ ਉਤਾਂਹ ਉੱਠ ਰਹੇ (Assending path) ਪਥ ਦਾ ਕੌਣ ਪਰਦਰਸ਼ਕ ਹੈ, ਕਿਸੇ ਨੇ ਦੇਖਿਆ ਨਹੀਂ।

ਰਿਸ਼ੀ ਇਸ ਗੱਲ ਤੇ ਹੈਰਾਨ ਹੈ ਕਿ, ''ਸਾਰੇ ਦਰਿਆਵਾਂ ਦਾ ਚਮਕਦਾ ਹੋਇਆ ਪਾਣੀ ਕਿਵੇਂ, ਬਿਨ੍ਹਾਂ ਉਸਨੂੰ ਕਦੇ ਵੀ ਭਰਿਆ, ਇਕੋ ਸਾਗਰ ਵਿੱਚ ਡਿੱਗਦਾ ਹੈ,'' ਵੈਦਿਕ ਲੋਕਾਂ ਦੇ ਹਿਰਦੇ (Mind), ਜਿਵੇਂ ਕਿੰ ਵੈਦਿਕ ਭਜਨਾ ਵਿੱਚ ਦੇਖਦੇ ਹਾਂ, ਉਚ ਪਾਏ ਦੇ ਸੰਵੇਦਨਸ਼ੀਲ ਅਤੇ ਤਾਜ਼ਾ ਸਨ। ਇਸ ਪੱਧਰ ਤੇ ਇਸ ਗੱਲ ਲਈ ਸਮਾ ਨਹੀਂ ਸੀ ਪੱਕਿਆ ਕਿ ਉਹ ਦੇਵਤਿਆਂ ਦੇ ਵੱਡੇ ਸੰਗ੍ਰਹਿ ਨੂੰ ਇਕ ਅਟੱਲ ਅਤੇ ਸਹੀ ਪ੍ਰਭਾਵਿਤ ਹੱਦ ਦੇ ਸਕਣ ਜਾਂ ਉਨ੍ਹਾਂ ਨੂੰ ਸਰਬ-ਵਿਆਪੀ ਦੇਵਵਾਦੀ ਇਕ ਸਿੱਧਾਂਤ ਦੇ ਸਕਣ। ਉਹ ਅਚੇਤ ਤੌਰ ਤੇ ਹੀ ਕੁਦਰਤ ਦੀ ਕਿਸੇ ਵੀ ਸ਼ਕਤੀ ਦੀ ਉਪਮਾ ਕਰਦੇ ਸਨ ਜਿਹੜੀ ਉਨ੍ਹਾਂ ਨੂੰ ਭੈਭੀਤ ਕਰਦੀ ਜਾਂ ਉਨ੍ਹਾਂ ਨੂੰ ਆਪਣੇ ਲਾਭਕਾਰੀ ਅਤੇ ਸੁਹਜਮਈ ਚਰਿੱਤਰ ਕਾਰਣ ਸ਼ੁਕਰੀਏ ਅਤੇ ਖੁਸ਼ੀ ਨਾਲ ਭਰ ਦਿੰਦੀ ਅਤੇ ਉਸ ਨੂੰ ਉਹ ਪੂਜਣ ਲੱਗਦੇ। ਉਸ ਸਮੇਂ ਕੋਈ ਦੇਵਤਾ, ਜੋ ਉਨ੍ਹਾਂ ਦੀ ਭਗਤੀ ਜਾਂ ਪ੍ਰਸੰਸਾ ਦਾ ਕਾਰਣ ਬਣਦਾ, ਸਰਬ-ਉੱਚ ਦੇਵ ਹੁੰਦਾ। ਵੈਦਿਕ ਭਜਨਾਂ ਦੇ ਇਸ ਖਾਸ ਲੱਛਣ ਨੂੰ ਮੈਕਸ ਮੂਲਰ ਨੇ ਸਾਦ੍ਰਿਸ਼ਵਾਦ (Henotheism) ਕਿਹਾ ਹੈ, ''ਇਕੱਲੇ ਦੇ ਵਤਿਆਂ ਵਿੱਚ ਵਿਸ਼ਵਾਸ, ਹਰ ਇਕ ਵਾਰੀ ਸਿਰ ਸਰਬ-ਉੱਚ ਦੇਵ ਦੇ ਤੌਰ ਤੇ ਸਨਮਾਨਤ ਹੁੰਦਾ ਹੈ ਅਤੇ ਕਿਉਂਕਿ

ਦੇਵਤਿਆਂ ਨੂੰ ਆਪਣੇ-ਆਪਣੇ ਖਾਸ ਖੇਤਰ ਦੇ ਚਲਾਉਣ ਵਾਲੇ ਸਮਝਿਆ ਜਾਂਦਾ ਸੀ, ਗਾਉਣ ਵਾਲੇ, ਆਪਣੇ ਖਾਸ ਅਕੀਦਿਆਂ ਅਤੇ ਇਛਾਵਾਂ ਵਿਚ, ਸਭ ਤੋਂ ਵੱਧ ਉਹ ਉਸ ਦੇਵਤੇ ਨੂੰ ਬੁਲਾਉਂਦੇ, ਜਿਸ ਨੂੰ ਉਸ ਮਾਮਲੇ ਵਿੱਚ ਸਭ ਤੋਂ ਵੱਧ ਸ਼ਕਤੀਸ਼ਾਲੀ ਮੰਨਦੇ ਜਾਂ ਇਉਂ ਕਹਿ ਲਈਏ ਕਿ ਜਿਸ ਦੇ ਵਿਭਾਗ ਨਾਲ ਉਨ੍ਹਾਂ ਦੀ ਇੱਛਾ ਦਾ ਉਸ ਵੇਲੇ ਸਭ ਤੋਂ ਵੱਧ ਸੰਬੰਧ ਜੁੜਿਆ ਹੁੰਦਾ। ਇਹ ਦੇਵਤਾ ਹੀ ਜਾਚਕ ਦੇ ਹਿਰਦੇ ਤੇ ਛਾਇਆ ਹੁੰਦਾ, ਉਸ ਸਮੇਂ ਲਈ ਉਹ ਸਾਰਾ ਕੁੱਝ, ਜੋ ਦੈਵੀ, ਹਸਤੀ ਬਾਰੇ ਕਿਹਾ ਜਾ ਸਕਦਾ ਹੈ, ਉਸ ਨਾਲ ਜੁੜ ਜਾਂਦਾ, "ਉਹ ਸਰਬ-ਉੱਚ ਹੈ, ਕੇਵਲ ਉਹ ਹੀ ਦੇਵਤਾ ਹੈ, ਜਿਸ ਸਾਹਮਣੇ ਬਾਕੀ ਸਾਰੇ ਛੁਪ ਜਾਂਦੇ ਹਨ।" ਇਸ ਵਿੱਚ ਦੂਸਰੇ ਕਿਸੇ ਦੇਵਤੇ ਪ੍ਰਤੀ ਅਵੱਗਿਆ ਜਾਂ ਬੇਕਦਰੀ ਨਹੀਂ। ਮੇਕਡੋਨਲ ਨੇ ਇਸ ਦੇ ਉਲਟ ਵਿਚਾਰ ਦਿੱਤਾ ਹੈ।

'ਵੈਦਿਕ ਮਾਈਥਾਲੋਜੀ'' ਵਿੱਚ ਉਸ ਨੇ ਕਿਹਾ ਹੈ ਕਿ ਵੈਦਿਕ ਦੇਵਤੇ ਬਾਕੀ ਦੂਸਰਿਆਂ ਨਾਲੋਂ ਸੁਤੰਤਰ ਸਥਾਪਿਤ ਨਹੀਂ ਕੀਤੇ ਗਏ ਕਿਉਂਕਿ ਕੋਈ ਵੀ ਦੂਸਰਾ ਧਰਮ ਦੇਵਤਿਆਂ ਨੂੰ ਐਨੀ ਛੇਤੀ ਵੱਖ-ਵੱਖ ਨੇੜਤਾ ਅਤੇ ਜੁੱਟ ਵਿੱਚ ਨਹੀਂ ਲਿਆਉਂਦਾ ਅਤੇ ਵੇਦਾਂ ਦੇ ਸ਼ਕਤੀਸ਼ਾਲੀ ਤੋਂ ਸ਼ਕਤੀਸ਼ਾਲੀ ਦੇਵਤੇ ਨੂੰ ਦੂਸਰਿਆਂ ਤੇ ਨਿਰਭਰ ਦਿਖਾਇਆ ਗਿਆ ਹੈ।'' ਇਸ ਲਈ, ਹੈਨੋਥੀਇਜ਼ਮ ਅਸਲੀਅਤ ਹੋਣ ਨਾਲੋਂ ਸਿਰਫ ਇਕ ਪ੍ਰਗਟਾਅ ਹੈ, ਇਕ ਪ੍ਰਗਟਾਅ ਜਿਹੜਾ ਕਿ ਅਣ-ਵਿਕਸਤ ਸੁੰਨਵਾਦ (Anthropomorphism) ਦੀ ਅਨਿਸ਼ਚਤਾ ਵਿਚੋਂ ਪੈਦਾ ਹੋਇਆ ਕਿਸੇ ਵੀ ਵੈਦਿਕ ਦੇਵਤੇ ਦੀ ਜ਼ੀਅਸ (Zeus) ਵਰਗੇ ਸਥਾਨ (Position) ਦੀ ਘਾਟ ਕਾਰਨ ਜਿਹੜਾ ਕਿ ਦੇਵਤਾ-ਗਣ ਦਾ ਮੁੱਖੀ ਹੋ ਸਕੇ, ਪੁਜਾਰੀ ਜਾਂ ਜਾਚਕ ਦੀ ਕੁਦਰਤੀ ਰੁਚੀ ਕਾਰਣ ਜਿਸ ਵਿੱਚ ਉਹ ਇਕ ਖਾਸ ਦੇਵਤੇ ਦੀ ਵਡਿਆਈ ਵਧਾ ਚੜ੍ਹਾ ਕੇ ਕਰਦਾ ਹੈ ਅਤੇ ਦੂਸਰਿਆਂ ਨੂੰ ਅੱਖੋਂ ਪਰੋਖੇ ਕਰਦਾ ਹੈ ਅਤੇ ਦੇਵਤਿਆਂ ਦੇ ਇਕੱਤਵ ਵਿੱਚ ਵੱਧਦਾ ਹੋਇਆ ਵਿਸ਼ਵਾਸ, ਜਿਸ ਨਾਲ ਹਰ ਇਕ ਨੂੰ ਦੈਵੀ ਕਿਸਮ ਮੰਨ ਲਿਆ ਗਿਆ ਹੈ।'' ਇਸ ਨੂੰ ਭਾਵੇਂ ਇਸ ਹੈਨੋਥੀਇਜ਼ਮ ਕਹੀਏ ਅਤੇ ਭਾਵੇਂ ਸੰਬੰਧਿਤ ਦੇਵਤੇ ਦੀ ਵੱਧ-ਚੜ੍ਹ ਕੇ ਕੀਤੀ ਪ੍ਰਸ਼ੰਸਾ ਪਰ ਅਸੀਂ ਇਸ ਨੂੰ ਸਹੀ ਅਰਥਾਂ ਵਿੱਚ ਨਾ ਬਹੁਦੇਵਵਾਦੀ (Polytheistic) ਅਤੇ ਨਾ ਹੀ ਅਦਵੈਤਵਾਦੀ (Monotheistic) ਕਹਿ ਸਕਦੇ ਹਾਂ ਸਗੋਂ ਕਹਿ ਸਕਦੇ ਹਾਂ ਕਿ ਇਸ ਦਾ ਦੋਹਾਂ ਵੱਲ ਹੀ ਝੁਕਾਅ ਸੀ, ਬੇਸ਼ੱਕ ਦੋਹਾਂ ਵਿਚੋਂ ਕਿਸੇ ਵਿੱਚ ਵੀ ਇਸ ਦੀ ਸ਼ਨਾਖਤ ਨਹੀਂ ਕੀਤੀ ਜਾ ਸਕਦੀ।

## ਅਦਵੈਤਵਾਦ (ਇਕ ਦੇਵਵਾਦ) ਵੱਲ ਰੁਚੀ ਦਾ ਪਨਪਨਾ, ਪਰਜਾਪਤੀ ਵਿਸ਼ਕਰਮਾ :

ਕਿਸੇ ਦੇਵਤੇ ਨੂੰ ਮਹਾਨ ਅਤੇ ਸਰਬ-ਉੱਚ ਦਰਸਾਉਣ ਦੀ ਇਸ ਰੁਚੀ ਨੇ ਹੌਲੀ-ਹੌਲੀ ਸਾਰੇ ਵੇਦਾਂ ਦੇ ਪ੍ਰਮੁੱਖ ਪਰਜਾਪਤੀ ਦੇ ਸਕੰਲਪ ਨੂੰ ਅੱਗੇ ਲਿਆਂਦਾ। ਕਿਸੇ ਚੇਤਨ ਸਧਾਰਨੀਕਾਰਨ ਦੇ ਅਮਲ ਕਰਕੇ ਨਹੀਂ, ਸਗੋਂ ਹਿਰਦੇ (Mind) ਦੇ ਵਿਕਾਸ ਦੇ ਜ਼ਰੂਰੀ ਪੜਾਅ ਵੱਜੋਂ ਜਿਹੜਾ ਇਸ ਯੋਗ ਹੋਇਆ ਕਿ ਕਿਸੇ ਦੇਵਤੇ ਨੂੰ ਉਚਤਮ ਨੈਤਿਕਤਾ ਅਤੇ ਸਰੀਰਕ ਸ਼ਕਤੀ ਦਾ ਖਜ਼ਾਨਾ ਸੋਚੇ, ਹਾਲਾਂਕਿ ਕਿਤੇ ਵੀ ਇਸ ਦਾ ਸਿੱਧਾ ਪ੍ਰਗਟਾਅ ਨਹੀਂ ਮਿਲਦਾ। ਇਸ ਲਈ ਪਰਮਜਾਤੀ ਜਾ ਸਾਰੇ ਵੇਦਾਂ ਦੇ ਮਾਲਕ ਦੀ ਉਪਾਧੀ, ਜਿਹੜੀ ਪਹਿਲਾਂ ਸਾਰੇ ਦੇਵਤਿਆਂ ਲਈ ਉਪਾਧੀ ਸੀ, ਦੀ ਪਛਾਣ ਇਕ ਅਲੱਗ, ਸਰਬ-ਉੱਚ ਅਤੇ ਮਹਾਨ ਦੇਵਤਾ ਲਈ ਹੋਣ ਲੱਗੀ।

ਬ੍ਰਹਮ ਦਾ ਸੰਕਲਪ, ਜਿਹੜਾ ਪਿਛਲੇਰੇ ਸਮੇਂ ਦੇ ਵੇਦਾਂਤ ਦੀ ਸਰਬ-ਉੱਚ ਵਡਿਆਈ ਹੈ, ਰਿਗਵੇਦ ਦੇ ਯੱਗਕਾਰੀ ਦਿਮਾਗ ਵਿੱਚ ਮੁਸ਼ਕਲ ਨਾਲ ਨਜ਼ਰ ਆਉਂਦਾ ਹੈ। ਸਾਇਣ ਨੇ ਜਿਹੜਾ ਕਿ ਵੇਦਾਂ ਦਾ ਮੰਨਿਆ ਪ੍ਰਮੰਨਿਆ ਭਾਸ਼ਕਾਰ ਹੈ, ਇਸ ਸ਼ਬਦ ਨੂੰ ਜੋ ਅਰਥ ਦਿੱਤੇ ਹਨ ਹੇਗ (Hague) ਨੇ ਉਨ੍ਹਾਂ ਦੀ ਇਕੱਤਰਤਾ ਇਸ ਤਰ੍ਹਾਂ ਕੀਤੀ ਹੈ।

1. ਭਜਨ ਭੋਜਨ ਦਾ ਪੇਸ਼ ਕਰਨਾ
2. ਸਾਮ ਗਾਉਣ ਵਾਲੇ ਦਾ ਭਜਨ
3. ਜਾਦੂ ਵਿਧੀ ਦਾ ਸੂਤਰ
4. ਸ਼ਾਹੀ ਤੌਰ ਤੇ ਪੂਰੀਆਂ ਕੀਤੀਆਂ ਰਸਮਾਂ
5. ਭਜਨ ਅਤੇ ਯੱਗ ਦੇ ਤੋਹਫੇ ਇਕੱਠੇ ਕਰਨਾ

6. ਹੋਤਰ ਪੁਜਾਰੀ ਦਾ ਜਾਪ

7. ਮਹਾਨ ਰੱਥ

ਰਾਥ (Roth) ਅਨੁਸਾਰ ਇਸ ਦਾ ਇਹ ਭਾਵ ਵੀ ਹੈ, ''ਉਹ ਭਗਤੀ ਜਿਹੜੀ ਆਪਣੇ ਆਪ ਨੂੰ ਅਕਾਂਖਿਆ ਅਤੇ ਤਸੱਲੀ ਵਿੱਚ ਪ੍ਰਗਟ ਕਰਦੀ ਹੈ ਅਤੇ ਦੇਵਤਿਆਂ ਤੱਕ ਪਹੁੰਚਦੀ ਹੈ, ਪਰੰਤੂ ਇਹ ਸਿਰਫ ਸਤਪਥ ਬ੍ਰਾਹਮਣ ਗ੍ਰੰਥ ਵਿੱਚ ਹੈ ਕਿ ਬ੍ਰਹਮ ਦੇ ਸੰਕਲਪ ਨੇ ਦੇਵਤਿਆਂ ਪਿੱਛੇ ਚਾਲਕ ਸ਼ਕਤੀ ਦੇ ਸਰਬ-ਸ੍ਰੇਸ਼ਟ ਸਿਧਾਂਤ ਦੇ ਤੌਰ ਤੇ ਮਹੱਤਤਾ ਹਾਸਲ ਕੀਤੀ ਹੈ।

## ਹੋਮ ਯੱਗ (Sacrifices):

ਵੈਦਿਕ ਕਾਲ ਵਿੱਚ ਧਾਰਮਿਕ ਰਸਮਾਂ ਬਹੁਤ ਸਾਦਾ ਸਨ। ਜਿਨ੍ਹਾਂ ਨੂੰ ਇਕ ਗ੍ਰਿਹਸਥੀ ਆਪਣੇ ਘਰ ਵਿੱਚ ਵੀ ਪੂਰੀਆਂ ਕਰ ਸਕਦਾ ਸੀ। ਖਾਸ ਜ਼ੋਰ ਯੱਗ ਅਤੇ ਹਵਨ ਉੱਤੇ ਸੀ। ਇਹ ਆਮ ਤੌਰ ਤੇ ਦਿਨ ਵਿੱਚ ਤਿੰਨ ਵਾਰ ਕੀਤਾ ਜਾ ਸਕਦਾ ਸੀ। ਘਰ ਵਿੱਚ ਇਕ ਯੱਗ-ਵੇਦੀ (Alter) ਬਣਾ ਲਈ ਜਾਂਦੀ ਸੀ ਅਤੇ ਉਸ ਵਿੱਚ ਵੱਖ-ਵੱਖ ਚੀਜ਼ਾਂ ਜਿਵੇਂ ਮੱਖਣ, ਘੀ, ਦੁੱਧ, ਫਲ ਆਦਿ ਅਗਨੀ ਉੱਤੇ ਪਾਏ ਜਾਂਦੇ ਸਨ, ਇਹ ਸੋਚ ਕੇ ਕਿ ਅਗਨੀ ਇਨ੍ਹਾਂ ਭੇਟਾਂ ਨੂੰ ਵੱਖ-ਵੱਖ ਦੇਵਤਿਆਂ ਤੱਕ ਪਹੁੰਚਾਏਗੀ। ਗ੍ਰਿਹਸਥੀ ਆਮ ਤੌਰ ਤੇ ਹਵਨ-ਯੱਗ ਸਵੇਰ ਵੇਲੇ ਅਤੇ ਸ਼ਾਮ ਨੂੰ ਕਰਦਾ ਸੀ। ਰਿਗਵੇਦ ਦੇ ਪਿਛਲੇਰੇ ਸਮੇਂ ਵਿੱਚ ਯੱਗ ਕਰਮਾਂ ਦਾ ਸਿਲਸਿਲਾ ਗੁੰਝਲਦਾਰ ਹੋ ਗਿਆ। ਪਹਿਲਾਂ ਗ੍ਰਿਹਸਥੀ ਆਪਣੇ ਘਰ ਵਿੱਚ ਯੱਗ ਕਰ ਸਕਦਾ ਸੀ ਅਤੇ ਪਿੱਛੋਂ ਯੱਗ ਕਰਨ ਲਈ ਬਹੁਤ ਸਾਰੇ ਪੁਜਾਰੀ ਲਾਉਣੇ ਪੈਂਦੇ ਸਨ। ਵੱਡੇ-ਵੱਡੇ ਯੱਗ ਅਤੇ ਹਵਨ ਰਾਜੇ ਅਤੇ ਅਮੀਰ ਲੋਕ ਹੀ ਕਰਵਾ ਸਕਦੇ ਸਨ।

ਇਹ ਮੰਨ ਲੈਣਾ ਗਲਤ ਹੋਵੇਗਾ ਕਿ ਅਦਵੈਤਵਾਦੀ ਮੋਨੋਥੀਸਟਿਕ ਝੁਕਾਵਾਂ ਨੇ ਬਹੁਦੇਵਵਾਦੀ ਯੱਗਾਂ ਦੀ ਥਾਂ ਲੈ ਲਈ। ਇਸ ਤੋਂ ਉਲਟ ਰਸਮਾਂ ਦੀ ਗੁੰਝਲਤਾ ਆਪਣੇ ਬਰੀਕ ਵਿਸਤਾਰਾਂ ਵਿੱਚ ਵਧਣ ਲੱਗੀ। ਇਸ ਤਰੱਕੀ ਦੇ ਨਤੀਜੇ ਨੇ ਦੇਵਤਿਆਂ ਨੂੰ ਮਾਮੂਲੀ ਦਰਜਿਆਂ ਵਿੱਚ ਧੱਕਣ ਵਿੱਚ ਹਿੱਸਾ ਪਾਇਆ ਅਤੇ ਯੱਗ ਦੇ ਜਾਦੂਮਈ ਚਰਿੱਤਰ ਦੀ ਇਕ ਸੰਸਥਾ ਦੇ ਰੂਪ ਵਿੱਚ ਹਿੱਸਾ ਪਾਇਆ ਜੋ ਕਿ ਆਪਣੇ ਆਪ ਵਿੱਚ ਇੱਛਤ ਫਲ ਦੀ ਪੂਰਤੀ ਕਰ ਸਕਦੇ ਸਨ, ਯੱਗ ਦੀਆਂ ਭੇਟਾਂ (Offerings) ਦੀ ਭਗਤੀ ਰਾਹੀਂ ਆਗਿਆ ਨਹੀਂ ਸੀ ਕੀਤੀ ਜਾਂਦੀ, ਜੋ ਕਿ ਇਸਾਈ ਅਤੇ ਵੈਸ਼ਨਵ ਮਤ ਵਿੱਚ ਆਮ ਪਾਈ ਜਾਂਦੀ ਹੈ।

ਸਮੁੱਚੇ ਤੌਰ ਤੇ ਯੱਗ ਨੂੰ ਇਸ ਤਰ੍ਹਾਂ ਸਮਝਿਆ ਜਾਂਦਾ ਹੈ ਜਿਵੇਂ ਕਿ ਹੇਗ ਨੇ ਲਿਖਿਆ ਹੈ, ''ਇਕ ਤਰ੍ਹਾਂ ਦੀ ਮਸ਼ੀਨਰੀ, ਜਿਸ ਵਿੱਚ ਇਕ ਪੁਰਜ਼ਾ ਦੂਸਰੇ ਨਾਲ ਜ਼ਰੂਰੀ ਤੌਰ ਤੇ ਮਿਲਾਣ (Tally) ਕਰੇ।'' ਯੱਗ ਕ੍ਰਿਆ ਵਿੱਚ ਜ਼ਰਾ ਜਿੰਨੀ ਇਥੋਂ ਤੱਕ ਕਿ ਰਸਮ ਦੇ ਛੋਟੇ ਜਿਹੇ ਵਿਸਤਾਰ ਵਿੱਚ ਉਕਾਈ ਜਿਵੇਂ ਅਗਨੀ ਉੱਤੇ ਪਾਇਆ ਘੀ ਪਾਉਣ ਦੀ ਰਸਮ ਜਾਂ ਯੱਗ ਵਿੱਚ ਵਰਤੇ ਜਾਣ ਵਾਲੇ ਬਰਤਨਾਂ ਦੇ ਰੱਖਣ ਦੀ ਥਾਂ ਜਾਂ ਘਾਹ ਦਾ ਗਲਤ ਥਾਂ ਤੇ ਰੱਖੇ ਜਾਣਾ ਵੀ ਯੱਗ ਨੂੰ ਨਸ਼ਟ ਕਰਨ ਜਾਂ ਜਿਸ ਉਦੇਸ਼ ਲਈ ਯੱਗ ਕੀਤਾ ਜਾ ਰਿਹਾ ਹੈ, ਉਸ ਤੋਂ ਉਲਟ ਨਤੀਜਾ ਦੇਣ ਲਈ ਕਾਫੀ ਸੀ, ਭਾਵੇਂ ਇਸ ਨੂੰ ਕਿੰਨੀ ਵੀ ਤਨ-ਦੇਹੀ ਨਾਲ ਕਿਉਂ ਨਾ ਕੀਤਾ ਜਾ ਰਿਹਾ ਹੋਵੇ। ਜੇ ਯੱਗ ਨੂੰ ਨਿੱਕੇ ਤੋਂ ਨਿੱਕੇ ਵਿਸਤਾਰ ਵਿੱਚ ਵੀ ਸਹੀ ਸਹੀ ਢੰਗ ਨਾਲ ਕੀਤਾ ਗਿਆ ਹੋਵੇ ਤਾਂ ਕੋਈ ਸ਼ਕਤੀ ਨਹੀਂ ਸੀ ਜੋ ਉਸ ਦੇ ਫਲ ਦੀ ਪ੍ਰਾਪਤੀ ਵਿੱਚ, ਜਿਸ ਲਈ ਉਹ ਕੀਤਾ ਗਿਆ ਹੈ, ਕੋਈ ਅੜਿੱਕਾ ਪਾ ਕੇ, ਫਲ ਨੂੰ ਰੋਕ ਸਕੇ।

## ਸਿੱਟਾ :

ਇਸ ਲੇਖ ਵਿੱਚ ਸਭ ਤੋਂ ਪਹਿਲੇ ਵੈਦਿਕ ਧਰਮ ਦੀਆਂ ਕੁੱਝ ਵਿਸ਼ੇਸ਼ਤਾਵਾਂ ਤੇ ਵਿਚਾਰ ਕੀਤਾ ਗਿਆ ਹੈ। ਮੂਲ ਰੂਪ ਵਿੱਚ ਇਹ ਧਰਮ ਦੈਵੀ ਧਰਮ ਪ੍ਰਤੀਤ ਹੁੰਦਾ ਹੈ, ਕਿਉਂਕਿ ਸਾਰੇ ਵੇਦਾ ਦੇ ਸਾਰੇ ਮੰਤਰਾਂ ਦਾ ਸੰਬੰਧ ਕਿਸੇ ਨਾ ਕਿਸੇ ਦੇਵਤਾ ਨਾਲ ਜ਼ਰੂਰ ਹੁੰਦਾ ਹੈ। ਇਹ ਪ੍ਰਤੀਤ ਹੁੰਦਾ ਹੈ, ਬਲਕਿ ਦਿੱਸਦਾ ਹੈ ਕਿ ਵੈਦਿਕ ਰਿਸ਼ੀ ਜੋ ਕੁੱਝ ਕਹਿੰਦੇ ਹਨ, ਉਹ ਦੇਵਤਿਆਂ ਬਾਰੇ ਹੀ ਕਹਿੰਦੇ ਹਨ। ਉਨ੍ਹਾਂ ਨੂੰ ਪ੍ਰਕ੍ਰਿਤੀ ਦੇ ਹਰ ਤੱਤ ਵਿੱਚ ਵਿਸ਼ਵ ਦੇ ਹਰ ਪਦਾਰਥ ਵਿੱਚ ਦੇਵਤੇ ਹੀ ਦਿੱਸਦੇ ਹਨ। ਇਹੀ ਉਨ੍ਹਾਂ ਦੀ ਦੈਵੀ ਦ੍ਰਿਸ਼ਟੀ ਦਾ ਪ੍ਰਮਾਣ ਹੈ ਅਤੇ ਇਸ ਕਰਕੇ ਹੀ ਵੈਦਿਕ ਧਰਮ ਵਿੱਚ ਭਾਵਨਾ ਪ੍ਰਤੀਤ ਹੁੰਦੀ ਹੈ। ਵੈਦਿਕ ਧਰਮ ਅਨੇਕ ਦੇਵਵਾਦੀ ਹੋਣ ਦੇ ਬਾਵਜੂਦ ਵੀ ਇਕ

ਈਸ਼ਵਰਵਾਦੀ ਜਾਂ ਇਕ ਸੱਤਾਵਾਦੀ ਜਾਂ ਇਕ ਤੱਤਵਾਦੀ ਹੈ। ਵੇਦਾਂ ਦੇ ਭਾਗਾਂ ਬਾਰੇ ਵੀ ਪਹਿਲਾਂ ਦੱਸਿਆ ਗਿਆ ਹੈ। ਪਰ ਅੱਜ ਕੱਲ੍ਹ ਕੇਵਲ ਮੰਤਰ ਭਾਗ ਨੂੰ ਹੀ ਵੇਦ ਕਿਹਾ ਜਾਂਦਾ ਹੈ ਅਤੇ ਇਸ ਦੇ ਦੂਜੇ ਭਾਗ ਸੁਤੰਤਰ ਗ੍ਰੰਥ ਮੰਨੇ ਜਾਂਦੇ ਹਨ। ਵੈਦਿਕ ਧਰਮ ਵਿੱਚ ਵਰਣ ਅਤੇ ਆਸ਼੍ਰਮ ਵਿਵਸਥਾ ਮੰਨੀ ਜਾਂਦੀ ਸੀ, ਜਿਸ ਦੇ ਬੀਜ ਹੁਣ ਵੀ ਭਾਰਤੀ ਸਮਾਜ ਵਿੱਚ ਮਿਲਦੇ ਹਨ।

ਵੈਦਿਕ ਧਰਮ ਬਾਰੇ ਕੁਝ ਵਿਚਾਰ ਕਰਨ ਤੋਂ ਬਾਅਦ ਅਸੀਂ ਰਿਗਵੇਦ ਦੇ ਨਾਸਦੀਯ ਸੂਕਤ ਅਤੇ ਪੁਰੁਸ਼ ਸੂਕਤ ਤੇ ਵਿਚਾਰ ਕੀਤਾ ਹੈ। ਨਾਸਦੀਯ ਸੂਕਤ ਆਕਾਰ ਵਿੱਚ ਤਾਂ ਛੋਟਾ ਹੈ, ਪਰ ਗਹਿਰਾਈ ਵਿੱਚ ਡੂੰਘਾ ਹੈ। ਇਸ ਸੂਕਤ ਵਿੱਚ ਪਹਿਲੇ ਤਾਂ ਮਹਾਂ-ਪਰਲੋ ਦੀ ਅਵਸਥਾ ਦਾ ਵਰਣਨ ਕੀਤਾ ਗਿਆ ਹੈ ਅਤੇ ਬਾਅਦ ਵਿੱਚ ਜਗਤ ਦੀ ਰਚਨਾ ਤੇ ਵਿਚਾਰ ਕੀਤਾ ਗਿਆ ਹੈ। ਇਸ ਜਗਤ ਦੀ ਰਚਨਾ ਨੂੰ ਇਸ ਸੂਕਤ ਵਿੱਚ ਰਹੱਸ ਨਾਲ ਭਰੀ ਹੋਈ ਕਿਹਾ ਹੈ, ਕਿਉਂਕਿ ਦੇਵਤਾ ਜਾਂ ਵਿਦਵਾਨ ਵੀ ਇਸ ਬਾਰੇ ਕੁੱਝ ਨਹੀਂ ਜਾਣਦੇ। ਪਰ ਇਹ ਲੱਗਦਾ ਹੈ ਕਿ ਕੇਵਲ-ਪਰਮ-ਆਕਾਸ਼ ਵਿੱਚ ਰਹਿਣ ਵਾਲਾ ਇਸ ਰਹੱਸ ਨੂੰ ਜਾਣਦਾ ਹੈ। ਪੁਰੁਸ਼ ਸੂਕਤ ਵੀ ਕਾਫੀ ਰਹੱਸ ਨਾਲ ਭਰਿਆ ਹੋਇਆ ਹੈ। ਇਸ ਸੂਕਤ ਵਿੱਚ ਪੁਰੁਸ਼ ਨੂੰ ਸਰਬ-ਰੂਪ ਮੰਨਿਆ ਹੈ ਅਤੇ ਸਾਰੇ ਵਿਸ਼ਵ ਨੂੰ ਸਾਰੇ ਭੂਤਾਂ ਸਮੇਤ ਉਸ ਦਾ ਇਕ ਅੰਸ਼ ਹੀ ਮੰਨਿਆ ਹੈ। ਇਸ ਪੁਰੁਸ਼ ਤੋਂ ਹੀ ਵੇਦਾਂ ਦੀ, ਵਰਣਾਂ ਦੀ ਅਤੇ ਵਿਸ਼ਵ ਦੇ ਸਾਰੇ ਤੱਤਾਂ ਅਤੇ ਪਦਾਰਥਾਂ ਦੀ ਅਭਿਵਿਅਕਤੀ ਹੋਈ ਹੈ। ਇਹ ਪੁਰੁਸ਼ ਆਪ ਹੀ ਸਾਰੇ ਵਿਸ਼ਵ ਦਾ ਕਰਤਾ, ਕਾਰਣ ਅਤੇ ਆਧਾਰ ਹੈ, ਪਰ ਫਿਰ ਵੀ ਉਹ ਜ਼ਿਆਦਾਤਰ ਆਪਣੀ ਦੈਵੀ ਅਵਸਥਾ ਵਿੱਚ ਹੀ ਰਹਿੰਦਾ ਹੈ। ਉਹੀ ਬੰਧਨ ਅਤੇ ਮੁਕਤੀ ਦਾ ਆਧਾਰ ਹੈ।

**ਪਾਠ ਨੰ: 1.2** **ਡਾ.ਰਾਮਦਾਸ ਨਿਰਾਕਾਰੀ**

# ਉਪਨਿਸ਼ਦ ਅਤੇ ਭਗਵਤ ਗੀਤਾ

ਉਪਨਿਸ਼ਦ-ਬ੍ਰਹਮ, ਆਤਮਾ ਅਤੇ ਜਗਤ ਦੇ ਸਰੂਪਾਂ ਤੇ ਵਿਚਾਰ।

ਭਗਵਤ-ਗੀਤਾ, ਗਿਆਨ, ਭਗਤੀ ਅਤੇ ਕਰਮ ਦੇ ਮਾਰਗ।

## 1. ਉਪਨਿਸ਼ਦ ਵਿਚਾਰ :

'ਉਪਨਿਸ਼ਦ' ਸ਼ਬਦ ਰਹੱਸ ਵਿਦਿਆ, ਗੂੜ੍ਹ ਵਿਦਿਆ, ਆਤਮ ਵਿਦਿਆ ਜਾਂ ਬ੍ਰਹਮ ਵਿਦਿਆ ਦੀ ਪ੍ਰਤੀਨਿਧਤਾ ਕਰਦਾ ਹੈ। ਉਪਨਿਸ਼ਦ-ਗ੍ਰੰਥਾਂ ਨੂੰ 'ਵੇਦਾਂਤ' ਵੀ ਕਿਹਾ ਜਾਂਦਾ ਹੈ, ਕਿਉਂਕਿ ਇਹ ਵੇਦਾਂ ਦੇ ਆਖਰੀ ਭਾਗ ਮੰਨੇ ਜਾਂਦੇ ਹਨ ਅਤੇ ਵੇਦਾਂ ਦੇ ਗਿਆਨ ਕਾਂਡ ਦੀ ਵਿਆਖਿਆ ਕਰਦੇ ਹਨ। ਅੱਜ ਕੱਲ੍ਹ ਦੋ ਸੌ ਉਪਨਿਸ਼ਦ ਮਿਲਦੇ ਹਨ, ਪਰ ਇਨ੍ਹਾਂ ਸਾਰਿਆਂ ਨੂੰ ਪ੍ਰਮਾਣਿਕ ਨਹੀਂ ਮੰਨਿਆ ਜਾਂਦਾ। ਸ਼ੰਕਰਾਚਾਰੀਆਂ ਦਾ ਭਾਸ਼ਯ ਗਿਆਰਾਂ ਉਪਨਿਸ਼ਦਾਂ ਉੱਪਰ ਮਿਲਦਾ ਹੈ। ਇਸ ਲਈ ਉਨ੍ਹਾਂ ਗਿਆਰਾਂ ਉਪਨਿਸ਼ਦਾਂ ਨੂੰ ਹੀ ਪ੍ਰਮਾਣਿਕ ਮੰਨਦੇ ਹਾਂ ਅਤੇ ਉਨ੍ਹਾਂ ਦੇ ਆਧਾਰ ਤੇ ਹੀ ਸੰਬੰਧਿਤ ਵਿਸ਼ਿਆਂ ਦਾ ਵਿਸ਼ਲੇਸ਼ਣ ਕਰਨ ਦਾ ਯਤਨ ਇੱਥੇ ਕੀਤਾ ਜਾਵੇਗਾ। ਉਪਨਿਸ਼ਦ ਵੇਦਾਂ ਦੇ ਗਿਆਨ ਕਾਂਡ ਦੀ ਪ੍ਰਤੀਨਿਧਤਾ ਕਰਦੇ ਹਨ ਅਤੇ ਭਾਰਤ ਦੀ ਅਧਿਆਤਮਕ ਪਰੰਪਰਾ ਦਾ ਮੂਲ ਸਰੋਤ ਮੰਨੇ ਜਾਂਦੇ ਹਨ। ਇਨ੍ਹਾਂ ਉਪਨਿਸ਼ਦਾਂ ਵਿੱਚ ਜ਼ਿਆਦਾਤਰ ਜਗਤ ਦੇ ਮੂਲ ਕਾਰਣ ਤੇ ਵਿਚਾਰ ਕੀਤਾ ਗਿਆ ਹੈ ਅਤੇ ਇਸ ਕਾਰਣ ਨੂੰ ਅਧਿਆਤਮਕ ਤੱਤ ਮੰਨਿਆ ਗਿਆ ਹੈ, ਇਸ ਤੱਤ ਨੂੰ ਕਦੇ 'ਬ੍ਰਹਮ' ਕਿਹਾ ਗਿਆ ਹੈ, ਕਦੀ 'ਆਤਮਾ' ਕਿਹਾ ਗਿਆ ਹੈ, ਕਦੀ 'ਸੱਤ' ਕਿਹਾ ਗਿਆ ਹੈ, ਕਦੀ 'ਪ੍ਰਾਣ' ਕਿਹਾ ਗਿਆ ਹੈ ਅਤੇ ਇਸੇ ਤਰ੍ਹਾਂ ਇਸ ਦੇ ਹੋਰ ਵੀ ਕਈ ਨਾਮ ਕਹੇ ਗਏ ਹਨ। ਭੇਦ ਕੇਵਲ ਨਾਂਵਾਂ ਵਿੱਚ ਲੱਗਦਾ ਹੈ, ਪਰ ਤੱਤ ਵਿੱਚ ਕੋਈ ਭੇਦ ਨਹੀਂ ਹੈ। ਹੁਣ ਅਸੀਂ ਲੋੜ ਅਨੁਸਾਰ ਉਪਨਿਸ਼ਦਾਂ ਦੇ ਕੁੱਝ ਵਿਸ਼ਿਆਂ ਤੇ ਵਿਚਾਰ ਕਰਦੇ ਹਾਂ।

## ਬ੍ਰਹਮ ਦੇ ਸਰੂਪ ਤੇ ਵਿਚਾਰ

'ਬ੍ਰਹਮ' ਸ਼ਬਦ ਦਾ ਅਰਥ 'ਵੱਡਾ' ਹੁੰਦਾ ਹੈ। ਜਗਤ ਦਾ ਮੂਲ ਕਾਰਣ ਇੰਨਾ ਵੱਡਾ ਹੈ ਕਿ ਉਸ ਨੂੰ ਦੇਸ਼, ਕਾਲ, ਵਸਤੂ ਵਿਅਕਤੀ ਆਦਿ ਦੀ ਸੀਮਾ ਵਿੱਚ ਬੰਨ੍ਹਿਆ ਨਹੀਂ ਜਾ ਸਕਦਾ, ਇਸ ਲਈ ਇਸ ਤੱਤ ਨੂੰ 'ਬ੍ਰਹਮ' ਕਿਹਾ ਜਾਂਦਾ ਹੈ। ਅਨੇਕ ਪ੍ਰਧਾਨ ਉਪਨਿਸ਼ਦਾਂ ਵਿੱਚ ਬ੍ਰਹਮ ਦੇ ਸਰੂਪ ਤੇ ਵਿਚਾਰ ਕੀਤਾ ਗਿਆ ਹੈ। ਇਨ੍ਹਾਂ ਉਪਨਿਸ਼ਦਾਂ ਦੇ ਕੁੱਝ ਵਾਕਾਂ ਦੇ ਆਧਾਰ ਤੇ ਇੱਥੇ ਬ੍ਰਹਮ ਦੇ ਸਰੂਪ ਦੇ ਅਨੇਕ ਪੱਖਾਂ ਤੇ ਵੱਖਰਾ-ਵੱਖਰਾ ਵਿਚਾਰ ਕਰਦੇ ਹਾਂ।

### 1. ਬ੍ਰਹਮ – ਆਂਤਰਿਕ ਸ਼ਕਤੀ ਹੈ :

ਕੇਨ ਉਪਨਿਸ਼ਦ ਦੇ ਪਹਿਲੇ ਖੰਡ ਵਿੱਚ ਇਹ ਕਿਹਾ ਗਿਆ ਹੈ ਕਿ ਸਾਡੇ ਪ੍ਰਾਣਾਂ, ਅੱਖਾਂ, ਕੰਨਾਂ, ਮਨ ਆਦਿ ਵਿੱਚ ਜਿਹੜੀ ਸ਼ਕਤੀ ਕੰਮ ਕਰਦੀ ਹੈ, ਉਹੀ ਬ੍ਰਹਮ ਹੈ। ਇਸੇ ਉਪਸ਼ਨਿਸ਼ਦ ਵਿੱਚ ਕਿਹਾ ਗਿਆ ਹੈ ਕਿ ਬਾਣੀ ਜਿਸ ਬਾਰੇ ਕੁੱਝ ਕਹਿ ਨਹੀਂ ਸਕਦੀ, ਪਰ ਬਾਣੀ ਜਿਸ ਦੁਆਰਾ ਬੋਲੀ ਜਾਂਦੀ ਹੈ, ਉਹ ਬ੍ਰਹਮ ਹੈ, ਪਰ ਉਹ ਬ੍ਰਹਮ ਨਹੀਂ ਹੈ, ਜਿਸ ਦੀ ਲੋਕ ਪੂਜਾ ਕਰਦੇ ਹਨ। ਇਸੇ ਤਰ੍ਹਾਂ ਫਿਰ ਕਿਹਾ ਹੈ ਕਿ ਮਨ ਜਿਸ ਦਾ ਮਨਨ ਨਹੀਂ ਕਰ ਸਕਦਾ, ਪਰ ਮਨ ਦੁਆਰਾ ਮਨਨ ਕਰਦਾ ਹੈ, ਅੱਖਾਂ ਜਿਸ ਨੂੰ ਵੇਖ ਨਹੀਂ ਸਕਦੀਆਂ, ਪਰ ਅੱਖਾਂ ਜਿਸ ਦੁਆਰਾ ਵੇਖਦੀਆਂ ਹਨ, ਕੰਨ ਜਿਸ ਨੂੰ ਸੁਣ ਨਹੀਂ ਸਕਦੇ, ਪਰ ਕੰਨ ਜਿਸ ਦੁਆਰਾ ਸੁਣਦੇ ਹਨ, ਉਹੀ ਬ੍ਰਹਮ ਹੈ, ਪਰ ਉਹ ਬ੍ਰਹਮ ਨਹੀਂ, ਜਿਸ ਦੀ ਲੋਕ ਪੂਜਾ ਕਰਦੇ ਹਨ। ਕੇਨ ਉਪਨਿਸ਼ਦ ਦੇ ਇਨ੍ਹਾਂ ਵਾਕਾਂ ਵਿੱਚ 'ਸ਼ਕਤੀ' ਸ਼ਬਦ ਦੀ ਵਰਤੋਂ ਤਾਂ ਨਹੀਂ ਕੀਤੀ ਗਈ, ਪਰ ਇਨ੍ਹਾਂ ਵਾਕਾਂ ਦੇ ਅਰਥਾਂ ਤੋਂ ਇਹ ਗੱਲ ਬਿਲਕੁਲ ਸਪੱਸ਼ਟ ਹੋ ਜਾਂਦੀ

ਹੈ ਕਿ ਸਾਡੇ ਮਲ, ਪ੍ਰਾਣ ਅਤੇ ਇੰਦਰੀਆਂ ਵਿੱਚ ਜਿਹੜੀ ਸ਼ਕਤੀ ਕੰਮ ਕਰਦੀ ਹੈ, ਉਸੇ ਸ਼ਕਤੀ ਨੂੰ ਇੱਥੇ 'ਬ੍ਰਹਮ' ਕਿਹਾ ਗਿਆ ਹੈ। ਇਸ ਲਈ ਬ੍ਰਹਮ ਨੂੰ ਆਂਤਰਿਕ ਸ਼ਕਤੀ ਦਾ ਪ੍ਰਤੀਕ ਮੰਨਦੇ ਹਾਂ।

## 2. ਬ੍ਰਹਮ ਪ੍ਰਾਕ੍ਰਿਤਿਕ ਸ਼ਕਤੀ ਹੈ :

ਇਸੇ ਉਪਨਿਸ਼ਦ ਦੇ ਆਖਰੀ ਖੰਡਾਂ ਵਿੱਚ ਇਕ ਪ੍ਰਤੀਕਾਤਮਕ ਕਥਾ ਦਿੱਤੀ ਗਈ ਹੈ। ਇਸ ਕਥਾ ਵਿੱਚ ਕਿਹਾ ਹੈ ਕਿ ਬ੍ਰਹਮ ਨੇ ਦੇਵਤਿਆਂ ਦੀ ਜਿੱਤ ਕਰਾ ਦਿੱਤੀ, ਪਰ ਦੇਵਤਾ ਸਮਝਣ ਲੱਗੇ ਕਿ ਇਹ ਉਨ੍ਹਾਂ ਦੀ ਜਿੱਤ ਹੈ। ਬ੍ਰਹਮ ਇਹ ਗੱਲ ਸਮਝ ਗਿਆ ਅਤੇ ਇਕ ਯਕਸ਼ ਦਾ ਰੂਪ ਧਾਰ ਕੇ ਥੋੜ੍ਹੀ ਦੂਰ ਖੜ੍ਹਾ ਹੋ ਗਿਆ। ਦੇਵਤਾ ਉਸ ਨੂੰ ਵੇਖ ਕੇ ਘਬਰਾ ਗਏ ਅਤੇ ਉਨ੍ਹਾਂ ਨੇ ਅਗਨੀ ਨੂੰ ਕਿਹਾ ਕਿ ਇਸ ਦਾ ਪਤਾ ਕਰਕੇ ਆਓ। ਜਦੋਂ ਅਗਨੀ ਯਕਸ਼ ਕੋਲ ਆਇਆ ਤਾਂ ਉਸ ਨੇ ਪੁੱਛਿਆ, ''ਤੂੰ ਕੌਣ ਹੈ?'' ਅਗਨੀ ਨੇ ਕਿਹਾ, ''ਮੈਂ ਅਗਨੀ ਹਾਂ।'' ਫਿਰ ਯਕਸ਼ ਨੇ ਪੁੱਛਿਆ , ''ਤੇਰੇ ਵਿੱਚ ਕੀ ਤਾਕਤ ਹੈ?'' ਅਗਨੀ ਨੇ ਕਿਹਾ ਕਿ ਮੈਂ ਸਾਰੀ ਦੁਨੀਆਂ ਨੂੰ ਜਲਾ ਸਕਦੀ ਹਾਂ। ਯਕਸ਼ ਨੇ ਉਸ ਦੇ ਸਾਹਮਣੇ ਇਕ ਤਿਨਕਾ ਰੱਖਿਆ ਅਤੇ ਕਿਹਾ ਕਿ ਇਸ ਨੂੰ ਜਲਾ। ਪਰ ਅਗਨੀ ਕੋਲੋਂ ਉਹ ਤਿਨਕਾ ਨਾ ਜਲ ਸਕਿਆ ਅਤੇ ਉਹ ਵਾਪਸ ਆ ਗਿਆ। ਇਹੀ ਘਟਨਾ ਵਾਯੂ ਨਾਲ ਹੋਈ ਫਿਰ ਪਤਾ ਚੱਲਿਆ ਕਿ ਇਹ ਯਕਸ਼ ਬ੍ਰਹਮ ਹੈ। ਕਹਿਣ ਦਾ ਭਾਵ ਇਹ ਹੈ ਕਿ ਅਗਨੀ, ਵਾਯੂ, ਸੂਰਜ ਆਦਿ ਪ੍ਰਕ੍ਰਿਤੀ ਦੇ ਤੱਤਾ ਨੂੰ ਹੀ ਵੇਦਾਂ ਵਿੱਚ ਦੇਵਤਾ ਕਿਹਾ ਜਾਂਦਾ ਹੈ। ਇਨ੍ਹਾਂ ਤੱਤਾਂ ਵਿੱਚ ਜਿਹੜੀ ਸ਼ਕਤੀ ਵਰਤਦੀ ਹੈ, ਉਸੇ ਨੂੰ ਕੇਨ ਉਪਨਿਸ਼ਦ ਵਿੱਚ ਬ੍ਰਹਮ ਕਿਹਾ ਗਿਆ ਹੈ। ਇਸ ਲਈ ਬ੍ਰਹਮ ਨੂੰ ਇਥੇ ਪ੍ਰਾਕ੍ਰਿਤਕ-ਸ਼ਕਤੀ ਦਾ ਰੂਪ ਮੰਨਿਆ ਜਾ ਸਕਦਾ ਹੈ।

## 3. ਬ੍ਰਹਮ ਓਂਕਾਰ ਰੂਪ ਹੈ :

ਕਈ ਪ੍ਰਧਾਨ ਉਪਨਿਸ਼ਦਾਂ ਵਿੱਚ ਬ੍ਰਹਮ ਨੂੰ ਓਂਕਾਰ ਦਾ ਰੂਪ ਅਤੇ ਓਂਕਾਰ ਨੂੰ ਬ੍ਰਹਮ ਦਾ ਰੂਪ ਜਾਂ ਉਸ ਦਾ ਪ੍ਰਤੀਕ ਮੰਨਿਆ ਗਿਆ ਹੈ। ਕਠ ਉਪਨਿਸ਼ਦ ਵਿੱਚ ਕਿਹਾ ਹੈ ਕਿ ਓਂਕਾਰ ਸਾਰੇ ਵੇਦਾਂ ਦਾ ਸਾਰ ਹੈ ਅਤੇ ਇਹ ਅੱਖਰ ਹੀ ਬ੍ਰਹਮ ਹੈ। ਗੀਤਾ ਵਿੱਚ ਵੀ ਇਹੀ ਗੱਲ ਕਹੀ ਗਈ। ਮਾਂਡੂਕਿਆ ਉਪਨਿਸ਼ਦ ਦੇ ਆਰੰਭ ਵਿੱਚ ਵੀ ਕਿਹਾ ਗਿਆ ਹੈ ਕਿ ਵਰਤਮਾਨ ਅਤੇ ਭਵਿੱਖ ਵਿੱਚ ਜੋ ਕੁਝ ਹੈ, ਉਹ ਸਭ ਓਂਕਾਰ ਹੈ, ਜੋ ਕੁੱਝ ਤਿੰਨ ਕਾਲਾਂ ਤੋਂ ਪਰ੍ਹੇ ਹੈ, ਉਹ ਵੀ ਓਂਕਾਰ ਹੈ ਅਤੇ ਇਹ ਓਂਕਾਰ ਬ੍ਰਹਮ ਹੈ, ਕਿਉਂਕਿ ਇਸ ਉਪਨਿਸ਼ਦ ਵਿਚ ਪਹਿਲੇ ਕਿਹਾ ਹੈ ਕਿ ਸਭ ਕੁੱਝ ਓਂਕਾਰ ਹੈ ਅਤੇ ਫਿਰ ਕਿਹਾ ਹੈ ਕਿ ਇਹ ਸਭ ਕੁੱਝ ਬ੍ਰਹਮ ਹੀ ਹੈ। ਇਸ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਓਂਕਾਰ ਅਤੇ ਬ੍ਰਹਮ ਵਿਚ ਕੋਈ ਭੇਦ ਨਹੀਂ ਹੈ। ਪ੍ਰਸ਼ਨ ਉਪਨਿਸ਼ਦ ਦੇ ਪੰਜਵੇਂ ਪ੍ਰਸ਼ਨ ਵਿੱਚ ਇਹ ਕਿਹਾ ਹੈ ਕਿ ਜੋ ਪਰ ਅਤੇ ਅਪਰ ਬ੍ਰਹਮ ਹੈ, ਉਹ ਓਂਕਾਰ ਹੈ। ਇਸ ਤਰ੍ਹਾਂ ਉਪਨਿਸ਼ਦ ਵਿੱਚ ਬ੍ਰਹਮ ਨੂੰ ਓਂਕਾਰ ਰੂਪ ਮੰਨਿਆ ਗਿਆ ਹੈ।

## 4. ਬ੍ਰਹਮ ਸੱਚਿਦਾਨੰਦ ਸਰੂਪ ਹੈ :

ਉਪਨਿਸ਼ਦਾਂ ਦੇ ਵਾਕਾਂ ਦੇ ਆਧਾਰ ਤੇ ਭਾਰਤੀ ਪਰੰਪਰਾ ਵਿੱਚ ਬ੍ਰਹਮ ਨੂੰ 'ਸੱਚਿਦਾਨੰਦ' ਕਿਹਾ ਜਾਂਦਾ ਹੈ। ਇਹ 'ਸੱਚਿਦਾਨੰਦ' ਸ਼ਬਦ ਤਿੰਨ ਸ਼ਬਦਾਂ ਦਾ ਸੰਯੁਕਤ ਰੂਪ ਹੈ। ਇਸ ਵਿੱਚ ਪਹਿਲਾਂ ਸ਼ਬਦ 'ਸਤ' ਹੈ, ਜਿਸ ਦਾ ਅਰਥ 'ਹੋਂਦ' ਕੀਤਾ ਜਾਂਦਾ ਹੈ। ਦੂਜਾ ਸ਼ਬਦ 'ਚਿਤ' ਹੈ ਜਿਸ ਦਾ ਅਰਥ 'ਚੇਤਨਾ' ਜਾਂ 'ਗਿਆਨ' ਮੰਨਿਆ ਜਾਂਦਾ ਹੈ। ਤੀਜਾ ਸ਼ਬਦ 'ਆਨੰਦ' ਹੈ, ਜਿਸ ਦਾ ਅਰਥ 'ਸੁੱਖ' ਹੁੰਦਾ ਹੈ। ਇਸ ਤਰ੍ਹਾਂ ਉਪਨਿਸ਼ਦਾਂ ਦੇ ਅਨੁਸਾਰ ਬ੍ਰਹਮ ਨੂੰ ਸ਼ੁੱਧ ਸੱਤਾ, ਸ਼ੁੱਧ ਚੇਤਨਾ ਅਤੇ ਸ਼ੁੱਧ ਆਨੰਦ ਦਾ ਰੂਪ ਮੰਨਿਆ ਜਾਂਦਾ ਹੈ। ਤੈਤਿਰੀਯ ਉਪਨਿਸ਼ਦ ਵਿੱਚ ਬ੍ਰਹਮ ਨੂੰ ਸੱਤ, ਗਿਆਨ ਅਤੇ ਅਨੰਦ ਰੂਪ ਵਾਲਾ ਕਿਹਾ ਗਿਆ ਹੈ। ਇੱਥੇ 'ਵਿਗਿਆਨ' ਸ਼ਬਦ 'ਚੇਤਨਾ' ਵਾਸਤੇ ਵਰਤਿਆ ਗਿਆ ਹੈ। ਇਸੇ ਤਰ੍ਹਾਂ ਹੋਰ ਵੀ ਕਈ ਉਪਨਿਸ਼ਦਾਂ ਵਿੱਚ ਬ੍ਰਹਮ ਦੇ ਅਜਿਹੇ ਰੂਪ ਜਾਂ ਸਰੂਪ ਦਾ ਵਰਣਨ ਕੀਤਾ ਗਿਆ ਹੈ।

## 5. ਬ੍ਰਹਮ ਜਗਤ ਦਾ ਮੂਲ ਕਾਰਣ ਹੈ :

ਉਪਨਿਸ਼ਦਾਂ ਦੇ ਰਿਸ਼ੀਆਂ ਨੇ ਬ੍ਰਹਮ ਨੂੰ ਜਗਤ ਅਤੇ ਇਸ ਦੇ ਸਾਰੇ ਭੂਤਾਂ ਅਤੇ ਪ੍ਰਾਣੀਆਂ ਦਾ ਮੂਲ ਕਾਰਣ ਮੰਨਿਆ ਹੈ। ਤੈਤਿਰੀਯ ਉਪਨਿਸ਼ਦ ਵਿੱਚ ਬ੍ਰਹਮ ਦੀ ਪਰਿਭਾਸ਼ਾ ਦਿੰਦੇ ਹੋਏ ਇਹ ਕਿਹਾ ਗਿਆ ਹੈ ਕਿ ਬ੍ਰਹਮ ਉਹ ਹੈ,

ਜਿਸ ਤੋਂ ਇਨ੍ਹਾਂ ਸਾਰੇ ਭੂਤਾਂ ਦੀ ਉਤਪੱਤੀ ਹੁੰਦੀ ਹੈ, ਜਿਸ ਤੋਂ ਪੈਦਾ ਹੋ ਕੇ ਇਹ ਜਿਉਂਦੇ ਹਨ ਅਤੇ ਜਿਸ ਵਿੱਚ ਵਾਪਸ ਜਾ ਕੇ ਇਹ ਲੀਨ ਹੋ ਜਾਂਦੇ ਹਨ। ਛਾਂਦੋਗਿਆ ਉਪਨਿਸ਼ਦ ਵਿੱਚ ਵੀ ਬ੍ਰਹਮ ਨੂੰ ਜਗਤ ਦੀ ਉਤਪੱਤੀ, ਸਥਿਤੀ ਅਤੇ ਲੀਨਤਾ ਦਾ ਆਧਾਰ ਕਿਹਾ ਗਿਆ ਹੈ। ਉਪਨਿਸ਼ਦਾਂ ਦੇ ਅਨੁਸਾਰ ਬ੍ਰਹਮ ਦੀਆਂ ਜਿਨ੍ਹਾਂ ਪਰਿਭਾਸ਼ਾਵਾਂ ਦੇ ਆਧਾਰ ਤੇ ਇਹ ਸਿੱਧ ਹੁੰਦਾ ਹੈ ਕਿ ਬ੍ਰਹਮ ਜਗਤ ਦਾ ਮੂਲ-ਕਾਰਣ ਹੈ, ਬ੍ਰਹਮ-ਸੂਤਰ ਜਾਂ ਵੇਦਾਂਤ-ਦਰਸ਼ਨ ਦੇ ਦੂਜੇ ਸੂਤਰ ਵਿੱਚ ਬ੍ਰਹਮ ਦੀ ਪਰਿਭਾਸ਼ਾ ਵੀ ਉਪਰਲੇ ਵਾਕਾਂ ਦੇ ਰੂਪ ਵਿੱਚ ਹੀ ਦਿੱਤੀ ਗਈ ਹੈ। ਇਸ ਲਈ ਬ੍ਰਹਮ ਹੀ ਜਗਤ ਦਾ ਮੂਲ ਕਾਰਣ ਹੈ।

### 6. ਬ੍ਰਹਮ ਸਰਬ ਰੂਪ :

ਪ੍ਰਧਾਨ ਉਪਨਿਸ਼ਦਾਂ ਦੇ ਅਧਿਐਨ ਤੋਂ ਇਹ ਪਤਾ ਚਲਦਾ ਹੈ ਕਿ ਉਪਨਿਸ਼ਦਾਂ ਦੇ ਰਿਸ਼ੀ ਬ੍ਰਹਮ ਨੂੰ ਸਾਰੇ ਤੱਤਾਂ ਦਾ ਜਾਂ ਸਾਰੇ ਭੂਤਾਂ ਦਾ ਕੇਵਲ ਮੂਲ-ਕਾਰਣ ਹੀ ਨਹੀਂ ਮੰਨਦੇ। ਉਹ ਬ੍ਰਹਮ ਨੂੰ ਸਰਬ-ਰੂਪ ਵੀ ਮੰਨਦੇ ਹਨ। ਛਾਂਦੋਗਿਆ ਉਪਨਿਸ਼ਦ (III. 14.1) ਵਿਚ ਬਿਲਕੁਲ ਸਪੱਸ਼ਟ ਰੂਪ ਵਿੱਚ ਕਿਹਾ ਗਿਆ ਹੈ ਕਿ ਨਿਸ਼ਚਿਤ ਰੂਪ ਵਿੱਚ ਇਹ ਸਭ ਕੁੱਝ ਬ੍ਰਹਮ ਹੀ ਹੈ। ਇਸੇ ਤਰ੍ਹਾਂ ਮੁੰਡਕ ਉਪਨਿਸ਼ਦ (II.2.11) ਵਿੱਚ ਵੀ ਕਿਹਾ ਹੈ ਕਿ ਇਹ ਅੰਮ੍ਰਿਤ ਰੂਪ ਬ੍ਰਹਮ ਹੀ ਸਾਡੇ ਸਾਮ੍ਹਣੇ ਹੈ, ਬ੍ਰਹਮ ਹੀ ਸਾਡੇ ਪਿੱਛੇ ਹੈ, ਬ੍ਰਹਮ ਹੀ ਦੱਖਣ ਅਤੇ ਉੱਤਰ ਵਿੱਚ, ਹੇਠਾਂ ਅਤੇ ਉੱਤੇ ਵੀ ਬ੍ਰਹਮ ਹੀ ਫੈਲਿਆ ਹੋਇਆ ਹੈ, ਇਹ ਬ੍ਰਹਮ ਹੀ ਇਸ ਵਿਸ਼ਵ ਦਾ ਰੂਪ ਹੈ ਅਤੇ ਇਹੀ ਉੱਤਮ ਹੈ। ਉਪਨਿਸ਼ਦਾਂ ਦੇ ਇਨ੍ਹਾਂ-ਵਾਕਾਂ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਜੋ ਕੁੱਝ ਵੀ ਵਿਸ਼ਵ ਜਾਂ ਜਗਤ ਵਿੱਚ ਦਿੱਸਦਾ ਹੈ, ਜਾਂ ਨਹੀਂ ਦਿਸਦਾ ਹੈ, ਜਾਂ ਜੋ ਕੁੱਝ ਵੀ ਇਸ ਦੇ ਅੰਦਰ ਅਤੇ ਬਾਹਰ ਹੈ, ਉਹ ਸਭ ਕੁੱਝ ਬ੍ਰਹਮ ਰੂਪ ਹੀ ਹੈ। ਇਹੀ ਕਾਰਣ ਹੈ ਕਿ ਉਪਨਿਸ਼ਦਾਂ ਦੇ ਰਿਸ਼ੀਆਂ ਨੇ ਬ੍ਰਹਮ ਨੂੰ ਸਰਬ ਰੂਪ ਮੰਨਿਆ ਹੈ।

### 7. ਬ੍ਰਹਮ ਤੇ ਆਤਮਾ ਦਾ ਸੰਬੰਧ :

ਜਿਥੋਂ ਤੱਕ ਬ੍ਰਹਮ ਤੇ ਆਤਮਾ ਦਾ ਸੰਬੰਧ ਹੈ ਇਸ ਸੰਬੰਧ ਨੂੰ ਉਪਨਿਸ਼ਦਾਂ ਦੇ ਰਿਸ਼ੀ ਅਭਿੰਨਤਾ ਜਾਂ ਇਕਰੂਪਤਾ ਦਾ ਸੰਬੰਧ ਮੰਨਦੇ ਹਨ, ਕਿਉਂਕਿ ਇਹ ਇਨ੍ਹਾਂ ਦੋਹਾਂ ਤੱਤਾਂ ਵਿੱਚ ਕੋਈ ਭੇਤ ਨਹੀਂ ਸਮਝਦੇ। ਮਾਂਡੂਕਿਆ ਉਪਨਿਸ਼ਦ ਦੇ ਦੂਜੇ ਮੰਤਰ ਵਿੱਚ ਇਹ ਕਿਹਾ ਗਿਆ ਹੈ ਕਿ ਇਹ ਆਤਮਾ ਬ੍ਰਹਮ ਹੈ। ਬ੍ਰਿਹਰਦਾਰਣਿਅਕ ਉਪਨਿਸ਼ਦ (IV.4.25) ਵਿੱਚ ਇਸ ਮਹਾਨ, ਅਜਰ, ਅਮਰ, ਅੰਮ੍ਰਿਤ, ਭੈਅ ਰਹਿਤ ਆਤਮਾ ਨੂੰ ਬ੍ਰਹਮ ਕਿਹਾ ਗਿਆ ਹੈ। ਹੋਰ ਵੀ ਕੁੱਝ ਪ੍ਰਧਾਨ ਉਪਨਿਸ਼ਦਾਂ ਵਿੱਚ ਆਤਮਾ ਅਤੇ ਬ੍ਰਹਮ ਵਿੱਚ ਇਕਰੂਪਤਾ ਹੀ ਦੱਸੀ ਗਈ ਹੈ। ਕਿਉਂਕਿ ਬ੍ਰਹਮ ਅਤੇ ਆਤਮਾ ਇਕ ਹੀ ਤੱਤ ਦੇ ਵੱਖਰੇ ਨਾਮ ਹਨ, ਇਸ ਲਈ ਭੇਦ ਕੇਵਲ ਨਾਮ ਵਿੱਚ ਹੈ, ਤੱਤ ਵਿੱਚ ਨਹੀਂ ਹੈ।

### 8. ਸਿੱਟਾ :

ਕੁੱਝ ਉਪਨਿਸ਼ਦਾਂ ਦੇ ਮੂਲ ਵਾਕਾਂ ਦੇ ਆਧਾਰ ਤੇ ਸੰਖੇਪ ਵਿੱਚ ਬ੍ਰਹਮ ਦੇ ਸਰੂਪ ਤੇ ਇੱਥੇ ਵਿਚਾਰ ਕੀਤਾ ਗਿਆ ਹੈ। ਇਹ ਬ੍ਰਹਮ ਦੇਸ਼, ਕਾਲ ਆਦਿ ਦੇ ਬੰਧਨਾ ਤੋਂ ਰਹਿਤ ਹੈ ਅਤੇ ਜਗਤ ਦਾ ਮੂਲ ਕਾਰਨ ਹੈ। ਇਹੀ ਜਗਤ ਦੀ ਅਭਿਵਿਅਕਤੀ ਦਾ ਆਧਾਰ ਹੈ, ਇਸ ਲਈ ਇਸ ਨੂੰ ਬ੍ਰਹਮ ਸਰੂਪ ਮੰਨਿਆ ਗਿਆ ਹੈ। ਇਹ ਬ੍ਰਹਮ ਸਾਡੀ ਆਂਤਰਿਕ ਅਤੇ ਬਾਹਰਲੇ ਵਿਸ਼ਵ ਦੀ ਪ੍ਰਾਕ੍ਰਿਤਿਕ ਸ਼ਕਤੀ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਨੂੰ ਉਪਨਿਸ਼ਦਾਂ ਵਿੱਚ ਓਂਕਾਰ ਰੂਪ ਮੰਨਿਆ ਗਿਆ ਹੈ। ਇਹ ਆਪਣੇ ਆਪ ਵਿੱਚ ਅਮੂਰਤ ਅਤੇ ਨਿਰਗੁਣ ਹੋਣ ਦੇ ਬਾਵਜੂਦ ਵੀ ਸਾਰੇ ਗੁਣਾਂ ਦਾ, ਸਾਰੀ ਪ੍ਰਾਕ੍ਰਿਤੀ ਦਾ, ਸਾਰੇ ਪ੍ਰਪੰਚ ਦਾ ਅਤੇ ਸਾਰੇ ਤੱਤਾਂ ਦਾ ਆਧਾਰ ਹੈ। ਸ਼ੰਕਰਾਚਾਰੀਆਂ ਬ੍ਰਹਮ ਨੂੰ ਆਕਾਸ਼ ਦੀ ਤਰ੍ਹਾਂ ਨਿਰਲੇਪ ਅਤੇ ਸਰਬ-ਵਿਆਪਕ ਮੰਨਦੇ ਹਨ, ਉਹ ਜੀਵ ਬ੍ਰਹਮ ਵਿੱਚ ਵੀ ਉਪਨਿਸ਼ਦਾਂ ਦੇ ਕੁੱਝ ਵਾਕਾਂ ਜਾਂ ਮਹਾਂਵਾਕਾਂ ਦੇ ਆਧਾਰ ਤੇ ਅਭਿੰਨਤਾ ਮੰਨਦੇ ਹਨ।

## ਆਤਮਾ ਦਾ ਸਰੂਪ

'ਆਤਮਾ' ਸ਼ਬਦ ਦੀ ਵਰਤੋਂ ਉਪਨਿਸ਼ਦਾਂ ਵਿੱਚ 'ਬ੍ਰਹਮ' ਸ਼ਬਦਾਂ ਨਾਲੋਂ ਜ਼ਿਆਦਾ ਮਿਲਦੀ ਹੈ। ਇਹ ਆਤਮਾ ਸਰਬ-ਵਿਆਪਕ ਚੇਤਨ-ਤੱਤ ਦੀ ਪ੍ਰਤੀਨਿਧਤਾ ਕਰਦਾ ਹੈ ਉਪਨਿਸ਼ਦਾਂ ਵਿੱਚ 'ਆਤਮਾ' ਵਾਸਤੇ 'ਵਿਗਿਆਨ', 'ਪ੍ਰਗਿਆਨ' ਆਦਿ ਸ਼ਬਦਾਂ ਦੀ ਵਰਤੋਂ ਵੀ ਕਈ ਵਾਰ ਕੀਤੀ ਗਈ ਹੈ। ਇਹ 'ਆਤਮਾ' ਸ਼ੁੱਧ ਚੇਤਨਾ ਅਤੇ

ਵਿਸ਼ਵ-ਚੇਤਨਾ ਦਾ ਪ੍ਰਤੀਕ ਹੈ। ਇਹੀ ਆਤਮਾ 'ਪੁਰਸ਼' ਹੈ, ਇਹ ਈਸ਼ਵਰ, ਪਰਮੇਸ਼ਵਰ, ਜੀਵ, ਸੱਤ ਅਤੇ ਬ੍ਰਹਮ ਹੈ। ਇਹੀ ਜਗਤ ਅਤੇ ਇਸ ਦੀ ਰਚਨਾ ਦਾ ਕਾਰਣ ਹੈ। ਇਸ ਦੇ ਸਰੂਪ ਦਾ ਵਿਸ਼ਲੇਸ਼ਣ ਉਪਨਿਸ਼ਦਾਂ ਵਿੱਚ ਕਈ ਢੰਗਾਂ ਨਾਲ ਕੀਤਾ ਗਿਆ ਹੈ। ਇੱਥੇ ਉਪਨਿਸ਼ਦਾਂ ਦੇ ਵਾਕਾਂ ਦੇ ਆਧਾਰ ਤੇ ਆਤਮਾ ਦੇ ਸਰੂਪ ਦੇ ਕੁੱਝ ਪੱਖਾਂ ਤੇ ਵਿਚਾਰ ਕਰਦੇ ਹਾਂ।

### 1. ਆਤਮਾ ਜਗਤ ਦਾ ਉਪਾਦਾਨ ਅਤੇ ਨਿਮਿੱਤ ਕਾਰਣ ਹੈ :-

ਕਿਸੇ ਵੀ ਪਦਾਰਥ ਦੀ ਰਚਨਾ ਜਿਸ ਸਾਮਗ੍ਰੀ ਤੋਂ ਹੁੰਦੀ ਹੈ, ਨੂੰ ਉਸ ਦਾ ਉਪਾਦਾਨ-ਕਿਹਾ ਜਾਂਦਾ ਹੈ, ਜਿਵੇਂ ਮਿੱਟੀ ਘੜੇ ਦਾ ਉਪਾਦਾਨ ਕਾਰਣ ਹੈ। ਨਿਮਿੱਤ-ਕਾਰਣ ਉਹ ਹੁੰਦਾ ਹੈ, ਜਿਹੜਾ ਕਿਸੇ ਵਸਤੂ ਦੀ ਉਤਪਤੀ ਵਿੱਚ ਸਹਾਇਕ ਹੁੰਦਾ ਹੈ, ਜਿਵੇਂ ਘੜੇ ਦੀ ਉਤਪੱਤੀ ਲਈ ਘੁਮਿਆਰ ਅਤੇ ਉਸ ਦਾ ਚੱਕਾ ਨਿਮਿੱਤ ਕਾਰਣ ਹਨ। ਪਰ ਜਗਤ ਦੀ ਉਤਪਤੀ ਵਾਸਤੇ ਆਤਮਾ ਆਪ ਹੀ ਇਸ ਦਾ ਉਪਾਦਾਨ ਅਤੇ ਨਿਮਿੱਤ-ਕਾਰਨ ਹੈ। ਐਤਰੇਯ ਉਪਨਿਸ਼ਦ ਦੇ ਸ਼ੁਰੂ ਵਿਚ ਹੀ ਇਹ ਕਿਹਾ ਗਿਆ ਹੈ ਕਿ ਜਗਤ ਦੀ ਰਚਨਾ ਤੋਂ ਪਹਿਲਾਂ ਕੇਵਲ ਇਕ ਹੀ ਆਤਮਾ ਸੀ ਅਤੇ ਹੋਰ ਕੁੱਝ ਵੀ ਨਹੀਂ ਸੀ। ਉਸ ਨੇ ਸੋਚਿਆ ਕਿ ਉਹ ਲੋਕਾਂ ਦੀ ਰਚਨਾ ਕਰੇ, ਫਿਰ ਉਸ ਨੇ ਪ੍ਰਿਥਵੀ, ਜਲ ਆਦਿ ਨਾਲ ਸੰਬੰਧਿਤ ਲੋਕਾਂ ਦੀ ਰਚਨਾ ਕੀਤੀ (1-1-2)। ਇਹ ਉਪਨਿਸ਼ਦ ਵਿਸਥਾਰ ਨਾਲ ਇਸ ਰਚਨਾ ਦਾ ਵਰਣਨ ਕਰਦਾ ਹੈ। ਇਸ ਉਪਨਿਸ਼ਦ ਦੇ ਉਪਰਲੇ ਵਾਕ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਆਤਮਾ ਆਪ ਹੀ ਜਗਤ ਦੀ ਰਚਨਾ ਕਰਦਾ ਹੈ ਅਤੇ ਆਪਣੇ ਵਿਚੋਂ ਹੀ ਕਰਦਾ ਹੈ। ਇਸ ਕਰਕੇ ਇਹ ਆਤਮਾ ਆਪ ਹੀ ਜਗਤ ਦਾ ਨਿੱਮਿਤ ਉਪਾਦਾਨ ਕਾਰਣ ਹੈ। ਇਸ ਦਾ ਭਾਵ ਇਹ ਹੈ ਕਿ ਇਸ ਭੌਤਿਕ ਰਚਨਾ ਦਾ ਮੂਲ-ਤੱਤ ਚੇਤਨ ਹੈ ਅਤੇ ਉਸ ਚੇਤਨ ਵਿਚ ਹੀ ਅਚੇਤਨ ਜਗਤ ਦੀ ਅਭਿਵਿਅਕਤੀ ਹੁੰਦੀ ਹੈ।

### 2. ਆਤਮਾ ਅੰਤਰਯਾਮੀ ਹੈ:

ਲੋਕ-ਭਾਸ਼ਾ ਵਿਚ ਅੰਤਰਯਾਮੀ ਸ਼ਬਦ ਦਾ ਅਰਥ ਅੰਦਰ ਦੀਆਂ ਗੱਲਾਂ ਨੂੰ ਜਾਣਨ ਵਾਲਾ ਕੀਤਾ ਜਾਂਦਾ ਹੈ, ਪਰ ਇਹ ਅਰਥ ਠੀਕ ਨਹੀਂ ਹੈ, ਕਿਉਂਕਿ ਅੰਤਰਯਾਮੀ-ਅਰਥ ਅੰਦਰ ਕਾਬੂ ਕਰਨ ਵਾਲਾ ਹੁੰਦਾ ਹੈ। ਉਪਨਿਸ਼ਦਾਂ ਵਿਚ ਵੀ ਅੰਤਰਯਾਮੀ ਸ਼ਬਦ ਅੰਦਰੋਂ ਕਾਬੂ ਕਰਨ ਵਾਲੇ ਤੱਤ ਵਾਸਤੇ ਵਰਤਿਆ ਗਿਆ ਹੈ। ਇਸ ਅੰਤਰਯਾਮੀ ਆਤਮਾ ਦਾ ਵਰਣਨ ਵਿਸਥਾਰ ਨਾਲ ਅਤੇ ਸਪੱਸ਼ਟ ਸ਼ਬਦਾਂ ਵਿਚ ਬ੍ਰਿਹਦਾਰਣਿਅਕ ਉਪਨਿਸ਼ਦ ਵਿੱਚ ਕੀਤਾ ਗਿਆ ਹੈ। ਜਨਕ ਦੀ ਸਭਾ ਵਿੱਚ ਮਹਾਂਰਿਸ਼ੀ ਯਾਗਵਲਾਕਿਆ ਕਹਿੰਦੇ ਹਨ, ਕਿ ਜੋ ਪ੍ਰਿਥਵੀ ਵਿੱਚ ਰਹਿੰਦਾ ਹੈ, ਪਰ ਪ੍ਰਿਥਵੀ ਤੋਂ ਵੱਖਰਾ ਹੈ, ਪ੍ਰਿਥਵੀ ਜਿਸ ਨੂੰ ਨਹੀਂ ਜਾਣਦੀ, ਪ੍ਰਿਥਵੀ ਜਿਸ ਦਾ ਸਰੀਰ ਹੈ, ਜਿਹੜਾ ਪ੍ਰਿਥਵੀ ਨੂੰ ਅੰਦਰੋਂ ਕਾਬੂ ਕਰਦਾ ਹੈ, ਉਹ ਤੇਰੀ ਆਤਮਾ ਅੰਤਰਯਾਮੀ ਅਤੇ ਅੰਮ੍ਰਿਤ ਹੈ (III.7.3)। ਇਹ ਤਰ੍ਹਾਂ ਇਸ ਅੰਤਰਯਾਮੀ ਆਤਮਾ ਦਾ ਸੰਬੰਧ ਜਲ, ਅਗਨੀ, ਸੂਰਜ, ਚੰਦਰਮਾ ਆਦਿ ਪ੍ਰਾਕ੍ਰਿਤਿਕ ਤੱਤਾਂ ਨਾਲ ਅਤੇ ਪ੍ਰਾਣ, ਵਾਕ, ਮਨ ਆਦਿ ਆਤਮਿਕ ਤੱਤਾਂ ਨਾਲ ਵੀ ਦੱਸਿਆ ਗਿਆ ਹੈ। ਸਾਰ ਤੱਤ ਇਹ ਹੈ ਕਿ ਜਿੰਨੇ ਵੀ ਪ੍ਰਕ੍ਰਿਤੀ ਦੇ ਤੱਤ ਹਨ, ਅਤੇ ਜਿਨ੍ਹੇ ਵੀ ਜੀਵ ਹਨ, ਉਹ ਸਾਰੇ ਇਸ ਅੰਤਰਯਾਮੀ ਆਤਮਾ ਦੇ ਕਾਬੂ ਵਿਚ ਰਹਿ ਕੇ ਆਪਣਾ-ਆਪਣਾ ਕਰਮ ਕਰਦੇ ਹਨ। ਕੋਈ ਵੀ ਤੱਤ, ਵਿਅਕਤੀ ਜਾਂ ਦੇਵਤਾ ਇਸ ਅੰਤਰਯਾਮੀ ਆਤਮਾ ਦੇ ਨਿਯੰਤ੍ਰਣ ਤੋਂ ਬਾਹਰ ਨਹੀਂ ਜਾ ਸਕਦਾ। ਇਸ ਪ੍ਰਸੰਗ ਨਾਲ ਆਤਮਾ ਵਿੱਚ ਅਨੰਤ-ਸ਼ਕਤੀ ਦਾ ਗਿਆਨ ਵੀ ਹੁੰਦਾ ਹੈ।

### 3. ਆਤਮਾ ਸਰਬ-ਵਿਆਪਕ ਹੈ :

ਆਤਮਾ ਨੂੰ ਉਪਨਿਸ਼ਦਾਂ ਵਿੱਚ ਵਿਆਪਕ-ਤੱਤ ਮੰਨਿਆ ਹੈ। ਵਿਸ਼ਵ ਵਿੱਚ ਜਿੰਨੇ ਵੀ ਜੜ੍ਹ ਜਾਂ ਚੇਤਨ ਪਦਾਰਥ ਜਾਂ ਤੱਤ ਦਿਸਦੇ ਹਨ ਜਾਂ ਅਨੁਭਵ ਵਿਚ ਆਉਂਦੇ ਹਨ, ਜਾਂ ਅਨੁਭਵ ਦਾ ਵਿਸ਼ਾ ਨਹੀਂ ਹਨ, ਉਨ੍ਹਾਂ ਸਾਰੇ ਤੱਤਾਂ ਅਤੇ ਪਦਾਰਥਾਂ ਵਿਚ ਆਤਮਾ ਵਿਆਪਕ ਹੈ। ਇਸ ਦਾ ਕਾਰਣ ਇਹ ਹੈ ਕਿ ਆਤਮਾ ਦੀ ਸੱਤਾ, ਤੋਂ ਹੀ ਉਨ੍ਹਾਂ ਦੀ ਸਤਾ ਹੈ ਅਤੇ ਆਤਮਾ ਦੀ ਹੋਂਦ ਹੀ ਉਨ੍ਹਾਂ ਦੀ ਹੋਂਦ ਦਾ ਆਧਾਰ ਹੈ। ਸਭ ਤੋਂ ਪਹਿਲਾਂ ਈਸ਼ ਉਪਨਿਸ਼ਦ ਦੇ ਕਈ ਮੰਤਰਾਂ ਵਿੱਚ ਇਸ ਆਤਮਾ ਦੀ ਵਿਆਪਕਤਾ ਦਾ ਵਰਣਨ ਕੀਤਾ ਹੈ। ਇਸ ਉਪਨਿਸ਼ਦ ਵਿਚ ਕਿਹਾ ਹੈ ਕਿ ਇਹ ਆਤਮਾ ਸਭ ਦੇ ਅੰਦਰ ਅਤੇ ਸਭ ਦੇ ਬਾਹਰ ਹੈ। ਇਸ ਤੋਂ ਬਾਅਦ ਇਹ ਕਿਹਾ ਗਿਆ ਹੈ ਕਿ ਜਿਹੜਾ ਵਿਅਕਤੀ ਸਾਰੇ ਭੂਤਾਂ ਨੂੰ ਆਤਮਾ ਵਿਚ ਅਤੇ ਆਤਮਾ ਨੂੰ ਭੂਤਾਂ ਵਿਚ ਵੇਖਦਾ ਹੈ, ਉਹ ਕਿਸੇ ਤੋਂ ਘਿਰਣਾ

ਨਹੀਂ ਕਰਦਾ। ਇਸੇ ਤਰ੍ਹਾਂ ਮੁੰਡਕ ਉਪਨਿਸ਼ਦ ਵਿਚ ਵੀ ਆਤਮਾ ਨੂੰ ਸਾਰੇ ਲੋਕਾਂ ਦਾ ਆਧਾਰ ਕਿਹਾ ਗਿਆ ਹੈ। ਕਹਿਣ ਦਾ ਭਾਵ ਇਹ ਹੈ ਕਿ ਵਿਸ਼ਵ ਦੇ ਸਾਰੇ ਭੂਤਾਂ ਅਤੇ ਤੱਤਾਂ ਵਿਚ ਆਤਮਾ ਵਿਆਪਕ ਹੈ ਅਤੇ ਕੋਈ ਵੀ ਅਜਿਹਾ ਤੱਤ ਨਹੀਂ ਹੈ ਜਿਸ ਵਿਚ ਆਤਮਾ ਵਿਆਪਕ ਨਾ ਹੋਵੇ। ਅਸਲ ਵਿਚ ਸਭ ਕੁੱਝ ਆਤਮਾ ਵਿਚ ਹੈ ਅਤੇ ਆਤਮਾ ਸਭ ਵਿਚ ਹੈ, ਇਹੀ ਇਸ ਦੀ ਸਰਬ-ਵਿਆਪਕਤਾ ਹੈ।

### 4. ਆਤਮਾ ਜੋਤੀ ਸਰੂਪ ਹੈ :

ਕਈ ਉਪਨਿਸ਼ਦਾਂ ਵਿਚ ਆਤਮਾ ਨੂੰ ਸ਼ੁੱਧ ਜੋਤੀ-ਤੱਤ ਮੰਨਿਆ ਗਿਆ ਹੈ, ਕਿਉਂਕਿ ਸਭ ਦੇ ਅੰਦਰ ਅਤੇ ਸਭ ਦੇ ਬਾਹਰ ਜੋ ਵੀ ਜੋਤੀ ਦਿੱਸਦੀ ਹੈ, ਉਹ ਆਤਮਾ ਦੀ ਜੋਤੀ ਹੈ, ਕਠ, ਮੁੰਡਕ ਅਤੇ ਸ਼ਵੇਤਾਸਵਤਰ ਉਪਨਿਸ਼ਦਾਂ ਵਿਚ ਇਹ ਕਿਹਾ ਗਿਆ ਹੈ ਕਿ ਇਸ ਆਤਮਾ ਨੂੰ ਸੂਰਜ, ਚੰਦਰਮਾਂ, ਤਾਰੇ, ਬਿਜਲੀ ਅਤੇ ਅਗਨੀ ਪ੍ਰਕਾਸ਼ਿਤ ਨਹੀਂ ਕਰ ਸਕਦੇ, ਕਿਉਂਕਿ ਉਸ ਦੇ ਪ੍ਰਕਾਸ਼ਿਤ ਹੋਣ ਤੋਂ ਬਾਅਦ ਹੀ ਇਹ ਪ੍ਰਕਾਸ਼ਿਤ ਹੁੰਦੇ ਹਨ, ਬਲਕਿ ਉਸ ਦੇ ਪ੍ਰਕਾਸ਼ ਨਾਲ ਹੀ ਇਹ ਪ੍ਰਕਾਸ਼ਿਤ ਹੁੰਦੇ ਹਨ। ਇਸ ਦਾ ਭਾਵ ਇਹ ਹੈ ਕਿ ਸਾਰੇ ਭੌਤਿਕ ਤੱਤਾਂ ਜਾਂ ਪਦਾਰਥਾਂ ਵਿਚ ਜਿਹੜਾ ਪ੍ਰਕਾਸ਼ ਦਿੱਸਦਾ ਹੈ, ਉਹ ਆਤਮਾ ਦਾ ਹੀ ਪ੍ਰਕਾਸ਼ ਹੈ। ਸਾਰੇ ਚੇਤਨ ਪ੍ਰਾਣੀਆਂ ਦੇ ਅੰਦਰ ਵੀ ਜਿਹੜਾ ਪ੍ਰਕਾਸ਼ ਵਰਤਦਾ ਹੈ, ਉਹ ਆਤਮਾ ਦਾ ਹੀ ਪ੍ਰਕਾਸ਼ ਹੁੰਦਾ ਹੈ। ਮਨ, ਇੰਦਰੀਆਂ ਅਤੇ ਬੁੱਧੀ ਵਿਚ ਜਿਹੜਾ ਪ੍ਰਕਾਸ਼ ਹੁੰਦਾ ਹੈ, ਉਹ ਵੀ ਆਤਮਾ ਦਾ ਹੀ ਪ੍ਰਕਾਸ਼ ਹੈ। ਇਸ ਕਰਕੇ ਉਪਨਿਸ਼ਦਾਂ ਦੇ ਰਿਸ਼ੀਆਂ ਨੇ ਆਤਮਾ ਨੂੰ ਜੋਤੀ ਸਰੂਪ ਤੱਤ ਮੰਨਿਆ ਹੈ।

### 5. ਆਤਮਾ ਸਰਵੱਗ ਹੈ :

ਮੁੰਡਕ ਉਪਨਿਸ਼ਕ (II.2.7) ਵਿਚ ਆਤਮਾ ਨੂੰ ਸਰਵੱਗ ਅਤੇ ਸਭ ਕੁੱਝ ਜਾਣਨ ਵਾਲਾ ਕਿਹਾ ਹੈ। 'ਸਰਵੱਗ' ਸ਼ਬਦ ਦਾ ਅਰਥ ਵੀ ਸਭ ਕੁੱਝ ਜਾਣਨ ਵਾਲਾ ਹੁੰਦਾ ਹੈ। ਇਹ ਆਤਮਾ ਸ਼ੁੱਧ ਚੇਤਨ ਤੱਤ ਹੈ, ਇਸ ਕਰਕੇ ਇਹ ਸੰਪੂਰਨ ਗਿਆਨ ਦਾ ਆਧਾਰ ਹੈ। ਇਸ ਆਤਮਾ ਵਿਚ ਸਾਰਾ ਗਿਆਨ ਹਮੇਸ਼ਾ ਰਹਿੰਦਾ ਹੈ, ਕਿਉਂਕਿ ਇਹ ਕਾਲ ਤੇ ਬੰਧਨ ਤੋਂ ਪਰ੍ਹੇ ਹੈ ਅਤੇ ਸਵੈ-ਪ੍ਰਕਾਸ਼ ਹੈ। ਬ੍ਰਿਹਦਾਰਣਿਅਕ ਉਪਨਿਸ਼ਦ (11.4.5) ਵਿਚ ਘੋਸ਼ਣਾ ਕੀਤੀ ਗਈ ਹੈ ਕਿ ਆਤਮਾ-ਗਿਆਨ ਨਾਲ ਸਾਰਾ ਗਿਆਨ ਹੋ ਜਾਂਦਾ ਹੈ। ਇਸ ਦਾ ਕਾਰਣ ਇਹ ਹੈ ਕਿ ਆਤਮਾ-ਆਪ ਹੀ ਗਿਆਤਾ-ਸਰੂਪ ਹੈ, ਚੇਤਨ-ਸਰੂਪ ਹੈ ਅਤੇ ਸਰਬ-ਗਿਆਤਾ ਹੈ। ਇਹ ਸਭ ਦੇ ਹਿਰਦੇ ਵਿਚ ਰਹਿੰਦਾ ਹੈ, ਜਿਸ ਕਰਕੇ ਇਸ ਨੂੰ ਸਰਵੱਗ ਅਤੇ ਸਭ ਕੁੱਝ ਜਾਣਨ ਵਾਲਾ ਕਿਹਾ ਗਿਆ ਹੈ।

### 6. ਸਭ ਵਿਚ ਇਕ ਹੀ ਆਤਮਾ ਹੈ :

ਉਪਨਿਸ਼ਦਾਂ ਵਿਚ ਵਧੇਰੇ ਇਕ ਆਤਮਾ ਦੇ ਸਿਧਾਂਤ ਦੀ ਵਿਆਖਿਆ ਕੀਤੀ ਜਾਂਦੀ ਹੈ। ਕਠ ਉਪਨਿਸ਼ਦ ਵਿਚ ਅਗਨੀ, ਵਾਯੂ ਆਦਿ ਦੇ ਉਦਾਹਰਣ ਦੇ ਕੇ ਇਕ ਆਤਮਾ ਦਾ ਵਰਣਨ ਕੀਤਾ ਗਿਆ ਹੈ। ਇਸ ਉਪਨਿਸ਼ਦ ਵਿਚ ਕਿਹਾ ਹੈ ਕਿ ਜਿਵੇਂ ਇਕ ਅਗਨੀ ਇਸ ਵਿਸ਼ਵ ਵਿਚ ਅਨੇਕ ਰੂਪ ਧਾਰਣ ਕਰ ਲੈਂਦੀ ਹੈ ਤਾਂ ਜਿਵੇਂ ਇਕ ਵਾਯੂ ਅਨੇਕਾਂ ਰੂਪਾਂ ਵਿਚ ਪ੍ਰਗਟ ਹੁੰਦੀ ਹੈ। ਉਸੇ ਤਰ੍ਹਾਂ ਸਾਰੇ ਭੂਤਾਂ ਵਿਚ ਇਕ ਹੀ ਅੰਤਰ ਆਤਮਾ ਹੈ ਅਤੇ ਉਸ ਨੇ ਅਨੇਕ ਰੂਪ ਧਾਰਨ ਕੀਤੇ ਹਨ। ਜੀਵਾਤਮਾ ਦੀ ਅਨੇਕਤਾ ਸੂਰਜ ਦੇ ਅਨੇਕ ਪ੍ਰਤਿਬਿੰਬਾਂ ਦੀ ਤਰ੍ਹਾਂ ਹੈ। ਜਿਵੇਂ ਸੂਰਜ ਇਕ ਹੈ, ਪਰ ਪ੍ਰਤਿਬਿੰਬ ਅਨੇਕ ਹਨ। ਇਸੇ ਤਰ੍ਹਾਂ ਆਤਮਾ ਤਾਂ ਇਕ ਹੀ ਹੈ, ਪਰ ਭੇਦ ਕੇਵਲ ਬਾਹਰ ਜਾਂ ਵਿਵਹਾਰ ਵਿਚ ਹੀ ਹੈ, ਮੂਲ ਤੱਤ ਵਿਚ ਨਹੀਂ ਹੈ, ਸ਼ੰਕਰਾਚਾਰੀਆਂ ਆਤਮਾ ਨੂੰ ਆਕਾਸ਼ ਦੀ ਤਰ੍ਹਾਂ ਹੀ ਮੰਨਦੇ ਹਨ ਅਤੇ ਸਾਰੇ ਭੇਦਾਂ ਨੂੰ ਕਲਪਿਤ ਜਾਂ ਮਿਥਿਆ ਮੰਨਦੇ ਹਨ। ਇਸ ਤਰ੍ਹਾਂ ਆਤਮਾ ਹੀ ਸਾਰੇ ਵਿਸ਼ਵ ਦਾ ਮੂਲ ਆਧਾਰ ਹੈ ਅਤੇ ਉਹ ਆਪਣੇ ਸਰੂਪ ਦੇ ਆਧਾਰ ਤੇ ਇਕ ਹੀ ਹੈ।

### 7. ਆਤਮਾ ਦੀ ਅਨੇਕ ਰੂਪਤਾ :

ਮੂਲ ਰੂਪ ਵਿਚ ਤਾਂ ਆਤਮਾ ਇਕ ਹੀ ਹੈ, ਪਰ ਉਪਨਿਸ਼ਦਾਂ ਵਿਚ ਇਸ ਦਾ ਵਿਸ਼ਲੇਸ਼ਣ ਅਨੇਕ ਰੂਪਾਂ ਵਿਚ ਕੀਤਾ ਗਿਆ ਹੈ। ਮਾਂਡੂਕਿਆ ਉਪਨਿਸ਼ਦ ਵਿਚ ਆਤਮਾ ਦੇ ਚਾਰ ਪਾਦ ਦੱਸੇ ਗਏ ਹਨ। ਇਨ੍ਹਾਂ ਵਿਚੋਂ ਤਿੰਨਾਂ ਪਾਦਾਂ ਦਾ ਸੰਬੰਧ ਜਗਤ ਦੇ ਕਾਰਣ, ਸੂਖਮ ਅਤੇ ਸਥੂਲ ਰੂਪਾਂ ਨਾਲ ਹੈ, ਪਰ ਚੌਥਾ ਪਾਦ ਅਤੀਂਦਰੀ ਹੈ ਅਤੇ ਵਿਵਹਾਰ ਤੋਂ ਪਰ੍ਹਾਂ ਹੈ। ਛਾਂਦੋਗਿਅ ਉਪਨਿਸ਼ਦ ਵਿਚ ਇਸ ਦਾ ਵਾਸ ਹਿਰਦੇ ਵਿਚ ਲਿਖਿਆ ਹੈ ਅਤੇ ਇਸ ਨੂੰ

ਮਨ, ਪ੍ਰਾਣ, ਸੰਕਲਪ ਆਦਿ ਦਾ ਆਧਾਰ ਮੰਨਿਆ ਗਿਆ ਹੈ। ਸ਼ਵੇਤਾਸਵਤਰ ਉਪਨਿਸ਼ਦ (V.10) ਵਿਚ ਕਿਹਾ ਗਿਆ ਹੈ ਕਿ ਇਹ ਆਤਮਾ ਨਾ ਇਸਤਰੀ ਹੈ, ਨਾ ਪੁਰਸ਼ ਹੈ ਅਤੇ ਨਾ ਹੀ ਨਿਪੁੰਸਕ ਹੈ, ਜਿਹੜੇ ਸਰੀਰ ਨੂੰ ਧਾਰਣ ਕਰਦਾ ਹੈ, ਉਸ ਨਾਲ ਇਹ ਜੁੜ ਜਾਂਦਾ ਹੈ। ਇਸ ਤਰ੍ਹਾਂ ਆਤਮਾ ਦੀ ਅਨੇਕਰੂਪਤਾ ਉਪਨਿਸ਼ਦਾਂ ਵਿਚ ਮਿਲਦੀ ਹੈ।

## ਜਗਤ ਦਾ ਸਰੂਪ

ਉਪਨਿਸ਼ਦਾਂ ਵਿਚ ਜਗਤ ਦੀ ਰਚਨਾ ਬਾਰੇ ਬਹੁਤ ਕੁੱਝ ਕਿਹਾ ਗਿਆ ਹੈ। ਇਸ ਰਚਨਾ ਤੇ ਵਿਚਾਰ ਕਰਨ ਨਾਲ ਜਗਤ ਦੇ ਸਰੂਪ ਦਾ ਸਪੱਸ਼ਟ ਗਿਆਨ ਹੋ ਜਾਂਦਾ ਹੈ। ਐਤਰੇਯ ਉਪਨਿਸ਼ਦ ਵਿਚ ਜਗਤ ਦੀ ਰਚਨਾ ਦਾ ਬੜੇ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ। ਇਸ ਉਪਨਿਸ਼ਦ ਵਿਚ ਜਗਤ ਨੂੰ ਆਤਮਾ ਦੀ ਅਭਿਵਿਅਕਤੀ ਹੀ ਦੱਸਿਆ ਗਿਆ ਹੈ, ਕਿਉਂਕਿ ਜਗਤ ਦੀ ਰਚਨਾ ਤੋਂ ਪਹਿਲੇ ਇੱਕਲਾ ਆਤਮਾ ਹੀ ਸੀ ਅਤੇ ਹੋਰ ਕੁੱਝ ਵੀ ਨਹੀਂ ਸੀ। ਸੋ ਆਤਮਾ ਤੋਂ ਇਲਾਵਾ ਜਗਤ ਦੀ ਰਚਨਾ ਤੋਂ ਪਹਿਲਾਂ ਹੋਰ ਕੋਈ ਵੀ ਤੱਤ ਨਹੀਂ ਸੀ ਤਾਂ ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਆਤਮਾ ਨੇ ਆਪ ਹੀ ਆਪਣੇ ਵਿਚੋਂ ਹੀ ਜਗਤ ਰਚਨਾ ਕੀਤੀ ਹੈ। ਇਸ ਕਰਕੇ ਆਤਮਾ ਨੂੰ ਹੀ ਜਗਤ ਦਾ ਕਰਤਾ ਜਾਂ ਨਿਮਿਤ ਕਾਰਣ ਅਤੇ ਆਤਮਾ ਨੂੰ ਹੀ ਇਸ ਦਾ ਮੂਲ ਤੱਤ ਜਾਂ ਉਪਾਦਾਨ ਕਾਰਣ ਮੰਨਿਆ ਜਾ ਸਕਦਾ ਹੈ। ਇਸ ਲਈ ਐਤਰੇਯ ਉਪਨਿਸ਼ਦ ਅਨੁਸਾਰ ਜਗਤ ਆਤਮਾ ਦਾ ਹੀ ਅਭਿਵਿਅਕਤ ਰੂਪ ਹੈ।

ਬ੍ਰਿਹਦਾਰਣਿਕ ਉਪਨਿਸ਼ਦ ਵਿਚ ਕਿਹਾ ਹੈ ਕਿ ਪਹਿਲੇ ਪੁਰਸ਼ ਦੇ ਆਕਾਰ ਵਾਲੀ ਆਤਮਾ ਸੀ। ਉਹ ਪਹਿਲੇ ਪਤੀ ਅਤੇ ਪਤਨੀ ਦੇ ਰੂਪ ਵਿਚ ਬਦਲ ਗਿਆ ਅਤੇ ਫਿਰ ਉਨ੍ਹਾਂ ਦੋਹਾਂ ਨੇ ਨਰ ਅਤੇ ਮਾਦਾ ਰੂਪ ਧਾਰਣ ਕਰਦੇ ਹੋਏ ਸਾਰੇ ਜੀਵਾਂ ਦੀ ਰਚਨਾ ਕਰ ਦਿੱਤੀ। ਫਿਰ ਉਹ ਆਤਮਾ ਸੋਚਣ ਲੱਗਿਆ, ''ਮੈਂ ਹੀ ਇਹ ਸ੍ਰਿਸ਼ਟੀ ਹਾਂ ਅਤੇ ਮੈਂ ਹੀ ਇਸ ਦੀ ਰਚਨਾ ਕੀਤੀ ਹੈ'', (1.4.5)। ਇਸ ਉਪਨਿਸ਼ਦ ਦੇ ਇਸ ਪ੍ਰਸੰਗ ਤੋਂ ਵੀ ਇਹੀ ਗੱਲ ਸਮਝ ਵਿਚ ਆਉਂਦੀ ਹੈ ਕਿ ਦਿਸਦਾ ਜਗਤ ਸਾਰੇ ਪ੍ਰਾਣੀਆਂ ਸਮੇਤ ਆਤਮਾ ਦੀ ਆਪਣੀ ਹੀ ਅਭਿਵਿਅਕਤੀ ਹੈ।

ਛਾਂਦੋਗਿਅ ਉਪਨਿਸ਼ਦ ਦੇ ਛੇਵੇਂ ਅਧਿਆਇ ਵਿਚ ਇਹ ਦੱਸਿਆ ਗਿਆ ਹੈ ਕਿ ਜਗਤ ਦੀ ਰਚਨਾ ਤੋਂ ਪਹਿਲੇ ਇਕ ਹੀ ਅਦਵੈਤ ਸੱਤ ਸੀ। ਉਸ ਨੇ ਸੋਚਿਆ ਕਿ ''ਮੈਂ ਬਹੁਤ ਹੋ ਜਾਵਾਂ''। ਇਹ ਸੋਚ ਕੇ ਉਸ ਨੇ ਤੇਜ ਜਾਂ ਅਗਨੀ ਦੀ ਰਚਨਾ ਕੀਤੀ। ਉਸ ਤੋਂ ਬਾਅਦ ਉਸ ਨੇ ਜਲ ਅਤੇ ਪ੍ਰਿਥਵੀ ਦੀ ਰਚਨਾ ਕੀਤੀ। ਪਰ ਇਹ ਤੱਤ ਆਪਣੇ ਮੂਲ ਰੂਪ ਵਿਚ ਸੂਖਮ ਸਨ, ਇਸ ਲਈ ਉਸ ਸੱਤ ਨੇ ਵਿਸ਼ੇਸ਼ ਵਿਧੀ ਨਾਲ ਸੂਖਮ ਤੱਤਾਂ ਨੂੰ ਮਿਲਾ ਕੇ ਸਥੂਲ ਤੱਤਾ ਦੀ ਰਚਨਾ ਕੀਤੀ ਅਤੇ ਉਹ ਆਪ ਹੀ ਜੀਵ ਰੂਪ ਧਾਰਣ ਕਰਕੇ ਇਨ੍ਹਾਂ ਵਿਚ ਪ੍ਰਵੇਸ਼ ਕਰ ਗਿਆ। ਇਸੇ ਉਪਨਿਸ਼ਦ ਦੇ ਇਕ ਅਧਿਆਇ ਵਿਚ ਕਈ ਉਦਾਹਰਣ ਦੇ ਕੇ ਜਗਤ ਦੇ ਸਰੂਪ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਉਦਾਹਰਣ ਵਿਚ ਜਗਤ ਦੇ ਮੂਲ ਤੱਤ ਨੂੰ ਮਿੱਟੀ ਦਾ ਰੂਪ ਮੰਨ ਕੇ ਜਗਤ ਨੂੰ ਉਸ ਦਾ ਵਿਕਾਰ ਜਾਂ ਘੜੇ ਦਾ ਰੂਪ ਮੰਨਿਆ ਗਿਆ ਹੈ। ਇਸ ਵਿਚਾਰ ਨੂੰ ਇਥੇ 'ਨਾਮਧੇਯ' ਜਾਂ ਨਾਮ ਅਤੇ ਰੂਪ ਦਾ ਪ੍ਰਤੀਕ ਮੰਨਿਆ ਗਿਆ ਹੈ ਅਤੇ ਇਸ ਦੇ ਕਾਰਜ ਵਿਵਹਾਰ ਨੂੰ ਆਰੰਭ ਕਰਨਾ ਦੱਸਿਆ ਗਿਆ ਹੈ। ਪਰ ਸੱਚਾਈ ਦਾ ਰੂਪ ਮਿੱਟੀ ਨੂੰ ਹੀ ਕਿਹਾ ਗਿਆ ਹੈ। ਕਹਿਣ ਦਾ ਭਾਵ ਇਹ ਹੈ ਕਿ ਜਿਵੇਂ ਮਿੱਟੀ ਦਾ ਘੜਾ ਮਿੱਟੀ ਤੋਂ ਵੱਖਰਾ ਨਹੀਂ ਹੁੰਦਾ ਜਾਂ ਸੋਨੇ ਦਾ ਗਹਿਣਾ ਸੋਨੇ ਤੋਂ ਵੱਖਰਾ ਨਹੀਂ ਹੁੰਦਾ ਜਾਂ ਲੋਹੇ ਦੇ ਪਦਾਰਥ ਲੋਹੇ ਤੋਂ ਵੱਖਰੇ ਨਹੀਂ ਹੁੰਦੇ, ਇਸੇ ਤਰ੍ਹਾਂ ਸਾਰਾ ਜਗਤ ਸੱਤ ਤੋਂ ਵੱਖਰਾ ਨਹੀਂ ਹੈ। ਜਗਤ ਵਿਚ ਜਿਹੜੀ ਭਿੰਨਤਾ ਜਾਂ ਅਨੇਕਤਾ ਦਿੱਸਦੀ ਹੈ, ਉਹ ਸਭ ਨਾਮ ਅਤੇ ਰੂਪ ਵਾਲੀ ਹੈ, ਪਰ ਇਸ ਤੱਤ ਦ੍ਰਿਸ਼ਟੀ ਦੇ ਆਧਾਰ ਤੇ ਜਗਤ ਬ੍ਰਹਮ ਤੋਂ ਵੱਖਰਾ ਨਹੀਂ ਹੈ।

ਤੈਤਿਰੀਯ ਉਪਨਿਸ਼ਦ ਵਿਚ ਇਕ ਥਾਂ ਤੇ ਕਿਹਾ ਗਿਆ ਹੈ ਕਿ ਆਤਮਾ ਤੋਂ ਆਕਾਸ਼ ਪੈਦਾ ਹੋਇਆ, ਆਕਾਸ਼ ਤੋਂ ਵਾਯੂ, ਵਾਯੂ ਤੋਂ ਅਗਨੀ, ਅਗਨੀ ਤੋਂ ਜਲ ਅਤੇ ਜਲ ਤੋਂ ਪ੍ਰਿਥਵੀ ਪੈਦਾ ਹੋਈ ਹੈ। ਇਸ ਉਪਨਿਸ਼ਦ ਵਿਚ ਇਕ ਹੋਰ ਥਾਂ ਤੇ ਕਿਹਾ ਗਿਆ ਹੈ ਕਿ ਸਾਰੇ ਭੂਤ ਬ੍ਰਹਮ ਤੋਂ ਪੈਦਾ ਹੁੰਦੇ ਹਨ। ਬ੍ਰਹਮ ਵਿਚ ਹੀ ਵਰਤਦੇ ਹਨ ਅਤੇ ਅੰਤ ਨੂੰ ਉਸੇ ਵਿਚ ਲੀਨ ਹੋ ਜਾਂਦੇ ਹਨ। ਇਹ ਗੱਲ ਛਾਂਦੋਗਿਅ ਉਪਨਿਸ਼ਦ ਵਿਚ ਵੀ ਕਹੀ ਗਈ ਹੈ।

ਤੈਤਰਿਯ ਉਪਨਿਸ਼ਦ ਵਿਚ ਅੰਨ, ਪ੍ਰਾਣ, ਮਨ ਆਦਿ ਨੂੰ ਬ੍ਰਹਮ ਹੀ ਕਿਹਾ ਗਿਆ ਹੈ। ਬ੍ਰਿਹਦਾਰਣਿਅਕ ਉਪਨਿਸ਼ਦ ਵਿਚ ਸਾਰੇ ਭੌਤਿਕ ਅਤੇ ਅਭੌਤਿਕ ਤੱਤਾਂ ਨੂੰ ਆਤਮਾ ਦਾ ਸਰੀਰ ਮੰਨਿਆ ਗਿਆ ਹੈ ਅਤੇ ਸਾਰਾ ਜਗਤ ਇਨ੍ਹਾਂ ਤੱਤਾਂ ਦੀ ਹੀ ਪ੍ਰਤੀਨਿਧਤਾ ਕਰਦਾ ਹੈ।

ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਾਰੇ ਪ੍ਰਾਣੀਆਂ, ਜੀਵਾਂ ਅਤੇ ਭੌਤਿਕ ਤੱਤਾਂ ਸਮੇਤ ਇਹ ਜਗਤ ਆਤਮਾ, ਬ੍ਰਹਮ ਜਾਂ ਸੱਤ ਦੀ ਅਭਿਵਿਅਕਤੀ ਹੈ। ਜਿਵੇਂ ਘੜੇ ਦੀ ਹੋਂਦ ਮਿੱਟੀ ਦੀ ਹੋਂਦ ਤੋਂ ਵੱਖਰੀ ਨਹੀਂ ਹੁੰਦੀ, ਇਸੇ ਤਰ੍ਹਾ ਜਗਤ ਦੀ ਹੋਂਦ ਆਤਮਾ ਜਾਂ ਬ੍ਰਹਮ ਦੀ ਹੋਂਦ ਤੋਂ ਵੱਖਰੀ ਨਹੀਂ ਹੈ। ਇਹ ਜਗਤ ਸੱਤ ਦਾ ਵਿਕਾਰ ਹੈ, ਨਾਮ ਅਤੇ ਰੂਪ ਵਾਲਾ ਹੈ, ਪਰ ਇਹ ਸੱਤਾ ਤੋਂ ਵੱਖਰਾ ਨਹੀਂ ਹੈ। ਅਦਵੈਤ-ਵੇਦਾਂਤ ਵਿਚ ਨਾਮ ਅਤੇ ਰੂਪ ਨੂੰ ਮਿਥਿਆ ਕਿਹਾ ਗਿਆ ਹੈ, ਬ੍ਰਿਹਦਾਰਣਿਅਕ ਉਪਨਿਸ਼ਦ (1.6.3) ਵਿਚ ਨਾਮ ਅਤੇ ਰੂਪ ਨੂੰ ਸੱਚ ਕਿਹਾ ਗਿਆ ਹੈ। ਇਸ ਲਈ ਉਪਨਿਸ਼ਦਾਂ ਦੇ ਰਿਸ਼ੀਆਂ ਦੇ ਅਨੁਸਾਰ ਇਹ ਜਗਤ ਆਤਮਾ, ਸੱਤ ਜਾਂ ਬ੍ਰਹਮ ਦੀ ਅਭਿਵਿਅਕਤੀ ਹੋਣ ਕਰਕੇ ਸੱਚ ਹੈ।

## (iii) ਗੀਤਾ ਦੇ ਸਰੂਪ ਬਾਰੇ ਵਿਚਾਰ

ਭਾਰਤ ਦੀ ਅਧਿਆਤਮਕ ਪਰੰਪਰਾ ਵਿਚ ਗੀਤਾ ਦਾ ਵਿਸ਼ੇਸ਼ ਮਹੱਤਵ ਹੈ। ਗੀਤਾ ਨੂੰ ਉਪਨਿਸ਼ਦਾਂ ਦਾ ਸਾਰ ਕਿਹਾ ਜਾਂਦਾ ਹੈ, ਫਿਰ ਵੀ ਇਹ ਇਕ ਸੁਤੰਤਰ ਗ੍ਰੰਥ ਮੰਨਿਆ ਜਾਂਦਾ ਹੈ। ਗੀਤਾ ਮਹਾਭਾਰਤ ਦਾ ਅੰਗ ਹੈ, ਫਿਰ ਵੀ ਇਸ ਨੇ ਭਾਰਤ ਦੇ ਸਾਰੇ ਦਾਰਸ਼ਨਿਕਾਂ ਨੂੰ ਪ੍ਰਭਾਵਿਤ ਕੀਤਾ ਹੈ। ਸ਼ੰਕਰ, ਰਾਮਾਨੁਜ, ਮਧੂਸੂਦਨ ਆਦਿ ਅਨੇਕ ਆਚਾਰੀਆਂ ਨੇ ਅਤੇ ਤਿਲਕ, ਗਾਂਧੀ, ਅਰਵਿੰਦ ਆਦਿ ਆਧੁਨਿਕ ਵਿਦਵਾਨਾਂ ਨੇ ਗੀਤਾ ਦੀ ਵਿਆਖਿਆ ਆਪਣੇ ਢੰਗ ਨਾਲ ਕੀਤੀ ਹੈ। ਗਿਆਨਵਾਦੀ ਇਸ ਨੂੰ ਗਿਆਨ-ਪ੍ਰਧਾਨ ਮੰਨਦੇ ਹਨ, ਭਗਤੀਵਾਦੀ ਇਸ ਨੂੰ ਭਗਤੀ-ਪ੍ਰਧਾਨ ਕਹਿੰਦੇ ਹਨ, ਕਰਮਵਾਦੀ ਇਸ ਨੂੰ ਕਰਮ-ਪ੍ਰਧਾਨ ਸਵੀਕਾਰ ਕਰਦੇ ਹਨ ਅਤੇ ਯੋਗੀ ਇਸ ਨੂੰ ਯੋਗ-ਪ੍ਰਧਾਨ ਮੰਨਦੇ ਹਨ। ਅਸਲ ਵਿਚ ਗੀਤਾ ਅਜਿਹੇ ਸਾਰੇ ਸਿਧਾਂਤਾਂ ਦਾ ਵਿਸ਼ਲੇਸ਼ਣ ਕਰਦੀ ਹੈ। ਧਾਰਮਿਕ ਵਿਦਵਾਨ ਇਸ ਨੂੰ ਧਰਮ-ਗ੍ਰੰਥ ਮੰਨਦੇ ਹਨ, ਪਰ ਦਾਰਸ਼ਨਿਕ ਇਸ ਨੂੰ ਦਰਸ਼ਨ-ਗ੍ਰੰਥ ਕਹਿੰਦੇ ਹਨ। ਇਸ ਛੋਟੇ ਜਿਹੇ ਗ੍ਰੰਥ ਦੇ ਸੱਤ ਸੌ ਸਲੋਕਾਂ ਵਿਚ ਸੈਂਕੜੇ ਗ੍ਰੰਥਾਂ ਦਾ ਸਾਰ ਮਿਲਦਾ ਹੈ। ਪਰ ਇੱਥੋਂ ਅਸੀਂ ਗੀਤਾ ਨਾਲ ਸੰਬੰਧਿਤ ਕੁੱਝ ਵਿਸ਼ੇਸ਼ ਵਿਸ਼ਿਆਂ ਤੇ ਵਿਚਾਰ ਕਰਦੇ ਹਾਂ।

### ਗਿਆਨ ਮਾਰਗ ਦਾ ਸਰੂਪ :-

ਸ਼ੰਕਰ ਆਦਿ ਗਿਆਨ-ਮਾਰਗੀ ਆਚਾਰੀਆ ਗੀਤਾ ਨੂੰ ਗਿਆਨ-ਪ੍ਰਧਾਨ ਮੰਨਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਮੁਕਤੀ ਦੀ ਪ੍ਰਾਪਤੀ ਕੇਵਲ ਗਿਆਨ ਜਾਂ ਆਤਮ-ਗਿਆਨ ਨਾਲ ਹੀ ਹੋ ਸਕਦੀ ਹੈ, ਹੋਰ ਕਿਸੇ ਨਾਲ ਨਹੀਂ। ਸ਼ੰਕਰ ਦੇ ਅਨੁਸਾਰ ਨਿਸ਼ਕਾਮ ਕਰਮ ਕਰਨ ਨਾਲ ਚਿੱਤ ਦੀ ਸ਼ੁੱਧੀ ਹੁੰਦੀ ਹੈ, ਭਗਤੀ ਦੀ ਭਾਵਨਾ ਨਾਲ ਉਸ ਵਿਚ ਇਕਾਗਰਤਾ ਆਉਂਦੀ ਹੈ ਅਤੇ ਗਿਆਨ-ਯੋਗ ਨਾਲ ਚਿੱਤ ਵਿੱਚ ਆਤਮ-ਗਿਆਨ ਦਾ ਪ੍ਰਕਾਸ਼ ਹੁੰਦਾ ਹੈ। ਇਹ ਗਿਆਨ ਹੀ ਆਤਮਾ ਦੇ ਨਿੱਤ-ਮੁਕਤ ਸਰੂਪ ਦਾ ਰਹੱਸ ਪ੍ਰਗਟ ਕਰਦਾ ਹੈ। ਗੀਤਾ ਵਿਚ ਵੀ ਗਿਆਨ ਦੀ ਮਹਿਮਾ ਦਾ ਕਈ ਰੂਪਾਂ ਵਿਚ ਵਰਣਨ ਕੀਤਾ ਗਿਆ ਹੈ। ਇਥੇ ਇਸ ਗਿਆਨ ਦੇ ਵੱਖਰੇ-ਵੱਖਰੇ ਪੱਖਾਂ ਤੇ ਵਿਚਾਰ ਕਰਦੇ ਹਾਂ।

### 1. ਆਤਮ-ਗਿਆਨ ਦਾ ਵਿਸ਼ਲੇਸ਼ਣ :-

ਗੀਤਾ ਵਿਚ ਸ੍ਰੀ ਕ੍ਰਿਸ਼ਨ ਦਾ ਉਪਦੇਸ਼ ਆਤਮ-ਗਿਆਨ ਦੇ ਉਪਦੇਸ਼ ਤੋਂ ਹੀ ਸ਼ੁਰੂ ਹੁੰਦਾ ਹੈ। ਆਤਮਾ ਦੇ ਸਰੂਪ ਦਾ ਵਰਣਨ ਕਰਦੇ ਹੋਏ ਗੀਤਾ ਦੇ ਦੂਜੇ ਅਧਿਆਇ ਵਿਚ ਸ੍ਰੀ ਕ੍ਰਿਸ਼ਨ ਕਹਿੰਦੇ ਹਨ ਕਿ ਇਹ ਆਤਮਾ ਅਵਿਨਾਸ਼ੀ ਅਤੇ ਨਿੱਤ ਹੈ। ਇਹ ਆਤਮਾ ਨਾ ਕਦੇ ਪੈਦਾ ਹੁੰਦਾ ਹੈ, ਨਾ ਮਰਦਾ, ਇਹ ਜਨਮ ਅਤੇ ਮਰਨ ਰਹਿਤ ਹੈ, ਸਰੀਰ ਦੇ ਮਰਨ ਤੇ ਵੀ ਇਹ ਨਹੀਂ ਮਰਦਾ।ਜਿਵੇਂ ਕੋਈ ਵਿਅਕਤੀ ਪੁਰਾਣੇ ਕਪੜਿਆਂ ਨੂੰ ਸੁੱਟ ਕੇ ਨਵੇਂ ਪਾਉਂਦਾ ਹੈ, ਇਸ ਤਰ੍ਹਾਂ ਆਤਮਾ, ਪੁਰਾਣੇ ਸਰੀਰਾਂ ਨੂੰ ਛੱਡ ਕੇ ਨਵੇਂ ਸਰੀਰਾਂ ਨੂੰ ਧਾਰਣ ਕਰਦਾ ਹੈ। ਸ਼ਸਤਰ ਇਸ ਆਤਮਾ ਨੂੰ ਕੱਟ ਨਹੀਂ ਸਕਦੇ, ਅੱਗ ਇਸ ਨੂੰ ਜਲਾ ਨਹੀਂ ਸਕਦੀ, ਜਲ ਇਸ ਨੂੰ ਗਿੱਲਾ ਨਹੀਂ ਕਰਦਾ, ਹਵਾ ਇਸ ਨੂੰ ਸੁਕਾ ਨਹੀਂ ਸਕਦੀ। ਇਹ ਆਤਮਾ ਸਭਾ ਥਾਵਾਂ ਤੇ ਹੈ, ਅਚਲ ਹੈ ਅਤੇ ਸਨਾਤਨ ਹੈ। ਆਪਣੇ

ਆਪ ਵਿਚ ਇਹ ਆਤਮਾ ਅਵਿਅਕਤ ਹੈ ਅਤੇ ਇੰਦਰੀਆਂ ਦੇ ਗਿਆਨ ਦਾ ਵਿਸ਼ਾ ਨਹੀਂ ਹੈ। ਇਸੇ ਲਈ ਬੁੱਧੀਮਾਨ ਪੁਰਖ ਆਤਮਾ ਨੂੰ ਸਰੀਰ ਤੋਂ ਵੱਖਰਾ ਸਮਝਦਾ ਹੈ ਅਤੇ ਸਰੀਰ ਦੇ ਦੁੱਖ ਨਾਲ ਦੁਖੀ ਨਹੀਂ ਹੁੰਦਾ।

## 2. ਬ੍ਰਹਮ ਦੇ ਸਰੂਪ ਦੀ ਵਿਆਖਿਆ :

ਬ੍ਰਹਮ-ਗਿਆਨ ਨੂੰ ਵੀ ਗਿਆਨ-ਯੋਗ ਦਾ ਰੂਪ ਮੰਨਿਆ ਜਾਂਦਾ ਹੈ ਅਤੇ ਆਤਮ-ਗਿਆਨ ਜਾਂ ਬ੍ਰਹਮ-ਗਿਆਨ ਹੀ ਸੱਚਾ ਗਿਆਨ ਹੁੰਦਾ ਹੈ। ਇਹ ਗਿਆਨ ਹੀ ਮੁਕਤੀ ਦਾ ਸਾਧਨ ਕਿਹਾ ਜਾਂਦਾ ਹੈ, ਕਿਉਂਕਿ ਬਾਕੀ ਦਾ ਦੁਨਿਆਵੀ ਗਿਆਨ ਅਧਿਆਤਮਕ ਦ੍ਰਿਸ਼ਟੀ ਦੇ ਅਨੁਸਾਰ ਅਗਿਆਨ ਦਾ ਰੂਪ ਹੀ ਹੁੰਦਾ ਹੈ। ਗੀਤਾ ਦੇ ਤੇਰਵੇਂ ਅਧਿਆਏ ਵਿਚ ਬ੍ਰਹਮ ਦੇ ਸਰੂਪ ਦਾ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਕਿਹਾ ਹੈ ਕਿ ਇਹ ਬ੍ਰਹਮ ਅਨਾਦੀ ਹੈ, ਸੱਤ ਅਤੇ ਅਸੱਤ ਤੋਂ ਪਰ੍ਹਾਂ ਹੈ, ਇਹ ਸਭ ਪਾਸੇ ਹੱਥ, ਪੈਰ, ਮੂੰਹ ਆਦਿ ਵਾਲਾ ਹੈ, ਕਿਉਂਕਿ ਇਹ ਉਨ੍ਹਾਂ ਦੀ ਸ਼ਕਤੀ ਦਾ ਰੂਪ ਹੈ। ਅਸਲ ਵਿਚ ਇਹ ਬ੍ਰਹਮ ਸਾਰੀਆਂ ਇੰਦਰੀਆਂ ਤੋਂ ਰਹਿਤ ਹੈ। ਇਹੀ ਸਭ ਦਾ ਪਾਲਕ ਹੈ। ਨਿਰੁਗਣ ਵੀ ਹੈ ਅਤੇ ਸਰਗੁਣ ਵੀ ਹੈ। ਇਹ ਬ੍ਰਹਮ ਸਾਰੇ ਭੂਤਾਂ ਦੇ ਅੰਦਰ ਅਤੇ ਬਾਹਰ ਵਰਤਦਾ ਹੈ, ਪਰ ਸੂਖਮ ਹੋਣ ਕਰਕੇ ਇਸ ਨੂੰ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ। ਇਹ ਬ੍ਰਹਮ ਦੂਰ ਵੀ ਹੈ ਅਤੇ ਨੇੜੇ ਵੀ ਹੈ। ਬ੍ਰਹਮ ਆਪਣੇ ਸਰੂਪ ਦੇ ਅਨੁਸਾਰ ਭਾਗ-ਰਹਿਤ ਹੈ, ਪਰ ਵਿਵਹਾਰ ਵਿਚ ਇਹ ਭਾਗ-ਯੁਕਤ ਪ੍ਰਤੀਤ ਹੁੰਦਾ ਹੈ। ਜਗਤ ਦੇ ਸਾਰੇ ਪ੍ਰਾਣੀਆਂ ਦਾ ਪੈਦਾ ਕਰਨ ਵਾਲਾ, ਪਾਲਣ ਕਰਨ ਵਾਲਾ ਅਤੇ ਨਾਸ਼ ਕਰਨ ਵਾਲਾ ਹੈ। ਬ੍ਰਹਮ ਨੂੰ ਜੋਤੀਆਂ ਦੀ ਜੋਤੀ ਅਤੇ ਅੰਧਕਾਰ ਤੋਂ ਪਰ੍ਹਾਂ ਕਿਹਾ ਗਿਆ ਹੈ। ਬ੍ਰਹਮ ਗਿਆਨ-ਸਰੂਪ ਹੈ, ਗਿਆਨ ਦਾ ਵਿਸ਼ਾ ਹੈ ਅਤੇ ਗਿਆਨ ਦੁਆਰਾ ਹੀ ਪ੍ਰਾਪਤ ਕਰਨ ਯੋਗ ਹੈ। ਗੀਤਾ ਦੇ ਅੱਠਵੇਂ ਅਧਿਆਇ ਵਿਚ ਬ੍ਰਹਮ ਨੂੰ ਇਕ ਅੱਖਰ ਓਮ ਦਾ ਰੂਪ ਮੰਨਿਆ ਗਿਆ ਹੈ।

## 3. ਪ੍ਰਕ੍ਰਿਤੀ ਅਤੇ ਪੁਰੁਸ਼ ਦਾ ਸਰੂਪ :

ਗੀਤਾ ਦੇ ਕਈ ਪ੍ਰਸੰਗਾਂ ਵਿਚ ਪ੍ਰਕ੍ਰਿਤੀ ਅਤੇ ਪੁਰਸ਼ ਦੇ ਸਰੂਪ ਦਾ ਅਤੇ ਉਨ੍ਹਾਂ ਦੇ ਆਪਸੀ ਸੰਬੰਧਾਂ ਦਾ ਵਰਣਨ ਵੀ ਕੀਤਾ ਗਿਆ ਹੈ। ਗੀਤਾ ਦੇ ਤੇਰ੍ਹਵੇਂ ਅਧਿਆਇ ਵਿਚ ਕਿਹਾ ਹੈ ਕਿ ਪ੍ਰਕ੍ਰਿਤੀ ਅਤੇ ਪੁਰਸ਼ ਦੋਨੋਂ ਆਨਾਦੀ ਹਨ। ਸਾਰੇ ਵਿਕਾਰ ਜਾਂ ਭੌਤਿਕ-ਪਾਦਾਰਥ ਪ੍ਰਕ੍ਰਿਤੀ ਤੋਂ ਹੀ ਪੈਦਾ ਹੁੰਦੇ ਹਨ ਅਤੇ ਸਾਰੀ ਕ੍ਰਿਆ-ਸ਼ਕਤੀ ਦਾ ਆਧਾਰ ਵੀ ਇਹੀ ਹੈ। ਪੁਰੁਸ਼ ਸੁਖ ਅਤੇ ਦੁਖ ਦਾ ਭੋਗ ਕਰਦਾ ਹੈ। ਇਸ ਭੋਗ ਲਈ ਉਹ ਪ੍ਰਕ੍ਰਿਤਿ ਦੇ ਵਿਚ ਹੀ ਰਹਿੰਦਾ ਹੈ ਅਤੇ ਅਨੇਕ ਪ੍ਰਕਾਰ ਦੀਆਂ ਜੋਨੀਆਂ ਵਿਚ ਫਿਰਦਾ ਰਹਿੰਦਾ ਹੈ। ਗੀਤਾ ਦੇ ਸੱਤਵੇਂ ਅਧਿਆਇ ਵਿਚ ਪ੍ਰਕ੍ਰਿਤੀ ਦੇ ਦੋ ਰੂਪ ਦੱਸੇ ਹਨ, ਜਿਨ੍ਹਾਂ ਨੂੰ ਅਪਰਾ ਪ੍ਰਕ੍ਰਿਤੀ ਅਤੇ ਪਰਾ ਪ੍ਰਕ੍ਰਿਤੀ ਕਿਹਾ ਗਿਆ ਹੈ। ਅਪਰਾ ਪ੍ਰਕ੍ਰਿਤੀ ਭੌਤਿਕ ਤੱਤਾਂ ਦੀ ਪ੍ਰਤੀਨਿਧਤਾ ਕਰਦੀ ਹੈ ਅਤੇ ਪਰਾ ਪ੍ਰਕ੍ਰਿਤੀ ਚੇਤਨ-ਰੂਪ ਵਿਚ ਜਗਤ ਨੂੰ ਧਾਰਣ ਕਰਦੀ ਹੈ। ਗੀਤਾ ਦੇ ਚੌਦ੍ਹਵੇਂ ਅਧਿਆਇ ਵਿਚ ਪ੍ਰਕ੍ਰਿਤੀ ਦੇ ਸੱਤਵ, ਰਜਸ ਅਤੇ ਤਮਸ ਗੁਣਾਂ ਦਾ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ। ਸੱਤਵ ਗੁਣ ਸੁੱਖ ਦਾ ਕਾਰਣ ਹੈ, ਰਜਸ ਕ੍ਰਿਆ ਦਾ ਹੇਤੂ ਹੈ ਅਤੇ ਤਮਸ ਕ੍ਰੋਧ, ਆਲਸ ਆਦਿ ਦਾ ਮੂਲ ਹੈ। ਪਰ ਜਿਹੜਾ ਵਿਅਕਤੀ ਇਨ੍ਹਾਂ ਤਿੰਨਾਂ ਗੁਣਾਂ ਨੂੰ ਜਗਤ ਦਾ ਆਧਾਰ ਮੰਨ ਕੇ ਜਗਤ ਵਿਚ ਨਿਰਲੇਪ ਹੋ ਕੇ ਰਹਿੰਦਾ ਹੈ, ਉਹ ਗੁਣਾਂ ਦੇ ਬੰਧਨ ਤੋਂ ਮੁਕਤ ਹੋ ਜਾਂਦਾ ਹੈ।

## 4. ਈਸ਼ਵਰ ਦੇ ਸਰੂਪ ਤੇ ਵਿਚਾਰ :

ਈਸ਼ਵਰ ਦੇ ਸਰੂਪ ਦਾ ਵਰਣਨ ਗੀਤਾ ਦੇ ਕਈ ਅਧਿਆਇਆਂ ਵਿਚ ਮਿਲਦਾ ਹੈ। ਗੀਤਾ ਦੇ ਸੱਤਵੇਂ ਅਧਿਆਇ ਵਿਚ ਇਕ ਪਾਸੇ ਤਾਂ ਈਸ਼ਵਰ ਨੂੰ ਸਭ ਤੋਂ ਪਰ੍ਹਾਂ ਕਿਹਾ ਗਿਆ ਹੈ ਅਤੇ ਦੂਜੇ ਪਾਸੇ ਉਸ ਨੂੰ ਮੋਤੀਆਂ ਦੀ ਮਾਲਾ, ਦੇ ਧਾਗੇ ਦੀ ਤਰ੍ਹਾਂ ਕਿਹਾ ਹੈ, ਜਿਸ ਵਿਚ ਸਾਰੇ ਭੂਤ ਜਾਂ ਪ੍ਰਾਣੀ ਸਥਿਤ ਹਨ। ਸੱਤਵੇਂ, ਨੌਂਵੇਂ ਅਤੇ ਦੱਸਵੇਂ ਅਧਿਆਇਆ ਵਿਚ ਈਸ਼ਵਰ ਦੀਆਂ ਵਿਭੂਤੀਆਂ ਬਾਰੇ ਕਿਹਾ ਗਿਆ ਹੈ ਅਤੇ ਉਸੇ ਨੂੰ ਸਭ ਜੀਵਾਂ ਦਾ, ਆਤਮਾ ਅਤੇ ਸਾਰੇ ਪਦਾਰਥਾਂ ਦਾ ਸਾਰ ਕਿਹਾ ਗਿਆ ਹੈ। ਗੀਤਾ ਦੇ ਗਿਆਰ੍ਹਵੇਂ ਅਧਿਆਇ ਵਿਚ ਈਸ਼ਵਰ ਦੇ ਵਿਸ਼ਵ-ਰੂਪ ਦਾ ਵਰਣਨ ਕੀਤਾ ਗਿਆ ਹੈ। ਗੀਤਾ ਦੇ ਤੇਰ੍ਹਵੇਂ ਅਧਿਆਇ ਵਿਚ ਸਭ ਵਿੱਚ ਪਰਮੇਸ਼ਵਰ ਦੀ ਸਮਾਨਤਾ ਦੱਸੀ ਗਈ ਹੈ ਅਤੇ ਇਸ ਨੂੰ ਅਨਾਦੀ, ਨਿਰਗੁਣ, ਅਬਿਨਾਸੀ, ਸਰਬ-ਵਿਆਪਕ ਪਰਮਾਤਮਾ ਕਿਹਾ ਗਿਆ ਹੈ। ਗੀਤਾ ਦੇ ਪੰਦਰ੍ਹਵੇਂ ਅਧਿਆਇ ਵਿਚ ਈਸ਼ਵਰ ਦੇ ਪੁਰਸ਼ੋਤਮ-ਰੂਪ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।

ਗੀਤਾ ਵਿਚ ਈਸ਼ਵਰ ਦੇ ਅਨੇਕ ਰੂਪ ਦੱਸੇ ਗਏ ਹਨ। ਈਸ਼ਵਰ ਪ੍ਰਕ੍ਰਿਤੀ ਅਤੇ ਪੁਰੁਸ਼ ਤੋਂ ਪਰ੍ਹਾਂ ਹੈ, ਪਰਮਾਤਮਾ ਹੈ, ਪਰਮ-ਪੁਰੁਸ਼ ਹੈ, ਪੁਰਸ਼ੋਤਮ ਹੈ, ਵਿਸ਼ਵ ਰੂਪ ਅਤੇ ਜਗਤ ਦਾ ਕਾਰਣ ਹੈ। ਉਹੀ ਇਸ ਜਗਤ ਦੀ ਉਤਪਤੀ, ਸਥਿਤੀ ਅਤੇ ਵਿਨਾਸ ਦਾ ਆਧਾਰ ਹੈ, ਉਹੀ ਪ੍ਰਕ੍ਰਿਤੀ ਦਾ ਅਧਿਅਕਸ ਅਤੇ ਮਾਇਆ-ਪਤੀ ਹੈ।

## 5. ਮਾਇਆ ਦੇ ਸਰੂਪ ਤੇ ਵਿਚਾਰ :

ਗੀਤਾ ਵਿਚ ਮਾਇਆ ਬਾਰੇ ਵੀ ਕੁੱਝ ਵਾਕ ਮਿਲਦੇ ਹਨ। ਇਹ ਮਾਇਆ ਈਸ਼ਵਰ ਦੀ ਸ਼ਕਤੀ ਹੈ ਅਤੇ ਇਸ ਮਾਇਆ ਦੁਆਰਾ ਹੀ ਈਸ਼ਵਰ ਸਾਰੇ ਭੂਤਾਂ ਨੂੰ ਆਪਣੇ ਕਾਬੂ ਵਿਚ ਰੱਖਦਾ ਹੈ। ਇਹ ਮਾਇਆ ਜੀਵਾਂ ਦੇ ਮੋਹ ਦਾ ਕਾਰਣ ਹੈ। ਇਹ ਦੈਵੀ ਰੂਪ ਵਾਲੀ ਹੈ ਅਤੇ ਤਿੰਨ ਗੁਣਾਂ ਦਾ ਸੰਯੁਕਤ ਰੂਪ ਹੈ। ਇਸ ਮਾਇਆ ਨੂੰ ਯੋਗ ਮਾਇਆ ਵੀ ਕਿਹਾ ਗਿਆ ਹੈ। ਤਿੰਨ ਗੁਣਾਂ ਵਾਲੀ ਹੋਣ ਕਰਕੇ ਇਸ ਨੂੰ ਪ੍ਰਕ੍ਰਿਤੀ ਦਾ ਰੂਪ ਵੀ ਮੰਨਿਆ ਜਾ ਸਕਦਾ ਹੈ, ਪਰ ਇਸ ਦੀ ਅਸਲੀਅਤ ਤਾਂ ਕੇਵਲ ਈਸ਼ਵਰ ਹੀ ਜਾਣਦਾ ਹੈ। ਕਿਉਂਕਿ ਜੀਵ ਇਸ ਦੀ ਸੱਤਾ ਦਾ ਯਥਾਰਥ ਗਿਆਨ ਪ੍ਰਾਪਤ ਨਹੀਂ ਕਰ ਸਕਦਾ। ਈਸ਼ਵਰ ਦੀ ਕ੍ਰਿਪਾ ਨਾਲ ਜੀਵ ਮਾਇਆ ਦੇ ਬੰਧਨ ਤੋਂ ਮੁਕਤ ਹੋ ਸਕਦਾ ਹੈ।

## 6. ਗਿਆਨ ਯੋਗ ਦਾ ਮਹੱਤਵ :

ਗਿਆਨ ਦੇ ਮਾਰਗ ਨੂੰ ਹੀ ਗਿਆਨ-ਯੋਗ ਕਿਹਾ ਜਾਂਦਾ ਹੈ। ਗਿਆਨ-ਯੋਗ ਦੇ ਅਨੁਸਾਰ ਵਿਅਕਤੀ ਜਾਂ ਜਿਗਿਆਸੂ ਆਤਮ-ਗਿਆਨ, ਬ੍ਰਹਮ-ਗਿਆਨ ਆਦਿ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ। ਗਿਆਨ ਨੂੰ ਹੀ ਵਿਅਕਤੀ ਮਨੁੱਖੀ ਜੀਵਨ ਦਾ ਉਦੇਸ਼ ਸਮਝਦਾ ਹੈ। ਉਹ ਭਗਤੀ ਅਤੇ ਕਰਮ ਤੋਂ ਗਿਆਨ ਦਾ ਜ਼ਿਆਦਾ ਮਹੱਤਵ ਸਮਝਦਾ ਹੈ। ਗੀਤਾ ਵਿਚ ਅਜਿਹੇ ਗਿਆਨ ਦਾ ਵਿਸ਼ੇਸ਼ ਮਹੱਤਵ ਦੱਸਿਆ ਗਿਆ ਹੈ। ਗੀਤਾ ਦੇ ਚੌਥੇ ਅਧਿਆਇ ਵਿਚ ਕਿਹਾ ਗਿਆ ਹੈ ਕਿ ਗਿਆਨ ਦੇ ਸਮਾਨ-ਪਵਿੱਤਰ ਹੋਰ ਕੁੱਝ ਵੀ ਇਸ ਜਗਤ ਵਿਚ ਨਹੀਂ ਹੈ। ਗਿਆਨ ਦੀ ਅਵਸਥਾ ਵਿਚ ਸਾਰੇ ਕਰਮਾਂ ਦੀ ਸਮਾਪਤੀ ਹੋ ਜਾਂਦੀ ਹੈ। ਗਿਆਨ ਮਨੁੱਖ ਦੇ ਮੋਹ ਨੂੰ ਖਤਮ ਕਰ ਦਿੰਦਾ ਹੈ। ਵੱਡੇ ਤੋਂ ਵੱਡਾ ਪਾਪੀ ਵੀ ਗਿਆਨ ਦੇ ਸਹਾਰੇ ਸਾਗਰ ਤੋਂ ਪਾਰ ਚਲਾ ਜਾਂਦਾ ਹੈ। ਗੀਤਾ ਵਿਚ ਕਿਹਾ ਹੈ ਕਿ ਜਿਵੇਂ ਬਲਦੀ ਹੋਈ ਅੱਗ ਸੁੱਕੀਆਂ ਲੱਕੜਾਂ ਨੂੰ ਜਲਾ ਕੇ ਭਸਮ ਕਰ ਦਿੰਦੀ ਹੈ, ਇਸੇ ਤਰ੍ਹਾਂ ਗਿਆਨ ਦੀ ਅਗਨੀ ਸਾਰੇ ਕਰਮਾਂ ਨੂੰ ਭਸਮ ਕਰ ਦਿੰਦੀ ਹੈ। ਕੇਵਲ ਸ਼ਰਧਾ ਵਾਲਾ ਵਿਅਕਤੀ ਅਜਿਹੇ ਗਿਆਨ ਨੂੰ ਪ੍ਰਾਪਤ ਕਰ ਸਕਦਾ ਹੈ। ਗਿਆਨ ਹੀ ਮੁਕਤੀ ਦਾ ਯਥਾਰਥ ਸਾਧਨ ਹੈ।

## ਭਗਤੀ ਮਾਰਗ ਦਾ ਸਰੂਪ :-

ਭਗਵਤ-ਗੀਤਾ ਵਿਚ ਭਗਤੀ ਯੋਗ ਦਾ ਵੀ ਵਰਣਨ ਕੀਤਾ ਗਿਆ ਹੈ ਅਤੇ ਇਸ ਨੂੰ ਮੁਕਤੀ ਦਾ ਸਾਧਨ ਮੰਨਿਆ ਗਿਆ ਹੈ। ਭਗਤੀ ਦਾ ਸਥਾਨ ਗਿਆਨ ਅਤੇ ਕਰਮ ਦੇ ਮੱਧ ਵਿਚ ਪ੍ਰਤੀਤ ਹੁੰਦਾ ਹੈ, ਕਿਉਂਕਿ ਗਿਆਨ ਯੋਗ ਅਤੇ ਕਰਮ-ਯੋਗ ਨਾਲ ਇਸ ਦਾ ਸਿੱਧਾ ਸੰਬੰਧ ਹੈ। ਭਗਤੀਵਾਦੀ ਆਚਾਰੀਆਂ ਤਾਂ ਭਗਤੀ ਨੂੰ ਹੀ ਮੁਕਤੀ ਦਾ ਸਿੱਧਾ ਸਾਧਨ ਮੰਨਦੇ ਹਨ। ਗੀਤਾ ਅਨੁਸਾਰ ਭਗਤੀ ਅਤੇ ਭਗਤਾਂ ਦੇ ਕਈ ਰੂਪ ਹਨ। ਇਸ ਲਈ ਇਨ੍ਹਾਂ ਤੇ ਕੁੱਝ ਵਿਚਾਰ ਕਰਦੇ ਹਾਂ।

## 1. ਭਗਤਾਂ ਦੇ ਚਾਰ ਪ੍ਰਕਾਰ :

ਗੀਤਾ ਦੇ ਸੱਤਵੇਂ ਅਧਿਆਇ ਵਿਚ ਚਾਰ ਪ੍ਰਕਾਰ ਦੇ ਭਗਤਾਂ ਦਾ ਵਰਣਨ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਪਹਿਲੀ ਪ੍ਰਕਾਰ ਦੇ ਉਹ ਭਗਤ ਹੁੰਦੇ ਹਨ ਜਿਹੜੇ ਜੀਵਨ ਵਿਚ ਦੁਖੀ ਹੋ ਕੇ ਭਗਤੀ ਦਾ ਸਹਾਰਾ ਲੈਂਦੇ ਹਨ, ਉਨ੍ਹਾਂ ਦਾ ਉਦੇਸ਼ ਕੇਵਲ ਈਸ਼ਵਰ ਦੀ ਭਗਤੀ ਰਾਹੀਂ ਦੁਨਿਆਵੀ ਮੁਸੀਬਤਾਂ ਤੋਂ ਬਚਣਾ ਜਾਂ ਪਾਰ ਜਾਣਾ ਹੁੰਦਾ ਹੈ। ਦੂਜੇ ਪ੍ਰਕਾਰ ਦੇ ਭਗਤਾਂ ਨੂੰ ਜਿਗਿਆਸੂ-ਭਗਤ ਕਿਹਾ ਜਾਂਦਾ ਹੈ, ਅਜਿਹੇ ਭਗਤ ਆਤਮਾ ਅਤੇ ਈਸ਼ਵਰ ਦੇ ਸਰੂਪ ਨੂੰ ਸਮਝਣ ਵਾਸਤੇ ਭਗਤੀ-ਮਾਰਗ ਤੇ ਚਲਦੇ ਹਨ। ਤੀਜੇ ਪ੍ਰਕਾਰ ਦੇ ਭਗਤਾਂ ਨੂੰ ਅਰਥਾਰਥੀ ਜਾਂ ਸੁਆਰਥੀ ਭਗਤ ਕਿਹਾ ਗਿਆ ਹੈ। ਅਜਿਹੇ ਭਗਤਾਂ ਦੀ ਭਗਤੀ ਕਿਸੇ ਲੌਕਿਕ ਜਾਂ ਅਲੌਕਿਕ ਉਦੇਸ਼ ਦੀ ਪ੍ਰਾਪਤੀ ਵਾਸਤੇ ਹੁੰਦੀ ਹੈ। ਚੌਥੇ ਪ੍ਰਕਾਰ ਦੇ ਭਗਤਾਂ ਨੂੰ ਗੀਤਾ ਵਿਚ ਗਿਆਨੀ ਭਗਤ ਕਿਹਾ ਗਿਆ ਹੈ, ਅਜਿਹੇ ਭਗਤ ਈਸ਼ਵਰ ਦੀ ਹੋਂਦ ਸਭ ਥਾਂ ਤੇ ਵੇਖਦੇ ਹਨ ਅਤੇ ਈਸ਼ਵਰ ਨਾਲ ਪਿਆਰ ਹੀ ਉਨ੍ਹਾ ਦੀ ਭਗਤੀ ਦਾ ਆਧਾਰ ਹੈ। ਇਨ੍ਹਾਂ

ਸਾਰੇ ਪ੍ਰਕਾਰ ਦੇ ਭਗਤਾਂ ਵਿਚੋਂ ਗਿਆਨੀ-ਭਗਤ ਨੂੰ ਸਭ ਤੋਂ ਉੱਚਾ ਅਤੇ ਸੱਚਾ ਭਗਤ ਸਮਝਿਆ ਗਿਆ ਹੈ। ਗਿਆਨੀ-ਭਗਤਾਂ ਵਿਚ ਗਿਆਨ ਅਤੇ ਭਗਤੀ ਦਾ ਸੁਭਾਵਿਕ ਸੰਯੋਗ ਹੁੰਦਾ ਹੈ ਅਤੇ ਇਨ੍ਹਾਂ ਵਿਚ ਕੋਈ ਵਿਰੋਧ ਨਹੀਂ ਰਹਿੰਦਾ।

## 2. ਨਿਰਗੁਣ ਭਗਤੀ ਦਾ ਸਰੂਪ

ਗੀਤਾ ਦੇ ਬਾਰ੍ਹਵੇਂ ਅਧਿਆਇ ਦਾ ਨਾਮ ਭਗਤੀ-ਯੋਗ ਹੈ। ਇਸ ਅਧਿਆਇ ਦੇ ਸ਼ੁਰੂ ਵਿਚ ਨਿਰਗੁਣ-ਭਗਤੀ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਭਗਤੀ ਦੇ ਅਨੁਸਾਰ ਭਗਤ ਅਵਿਅਕਤ ਅਤੇ ਅੱਖਰ ਬ੍ਰਹਮ ਦੀ ਉਪਾਸਨਾ ਕਰਦਾ ਹੈ ਉਹ ਆਪਣੀਆਂ ਇੰਦਰੀਆਂ ਤੇ ਕਾਬੂ ਪਾ ਕੇ ਸਭ ਜਗ੍ਹਾ ਬ੍ਰਹਮ ਦੀ ਮੂਲ-ਸੱਤਾ ਨੂੰ ਵੇਖਣ ਅਤੇ ਸਮਝਣ ਦਾ ਯਤਨ ਕਰਦਾ ਹੈ। ਅਜਿਹੇ ਭਗਤ ਸਾਰੇ ਜੀਵਾਂ ਦੀ ਸੇਵਾ ਕਰਦੇ ਹਨ, ਕਿਉਂਕਿ ਉਹ ਜੀਵਾਂ ਵਿਚ ਈਸ਼ਵਰ ਦੀ ਹੋਂਦ ਦਾ ਅਨੁਭਵ ਕਰਨਾ ਚਾਹੁੰਦੇ ਹਨ। ਸ੍ਰੀ ਕ੍ਰਿਸ਼ਨ ਦੇ ਅਨੁਸਾਰ ਅਵਿਅਕਤ ਅਤੇ ਨਿਰਗੁਣ ਤੱਤ ਵਿਚ ਚਿੱਤ ਨੂੰ ਲਾਉਣਾ ਬਹੁਤ ਮੁਸ਼ਕਿਲ ਹੈ, ਕਿਉਂਕਿ ਅਵਿਅਕਤ ਤੱਤ ਦੀ ਪ੍ਰਾਪਤੀ ਵਾਸਤੇ ਬਹੁਤ ਦੁੱਖ ਸਹਿਣਾ ਪੈਂਦਾ ਹੈ।

## 3. ਸਰਗੁਣ ਭਗਤੀ ਦਾ ਸਰੂਪ :

ਸਰਗੁਣ-ਬ੍ਰਹਮ ਦੀ ਜਾਂ ਈਸ਼ਵਰ ਦੀ ਭਗਤੀ ਨੂੰ ਗੀਤਾ ਵਿਚ ਬਹੁਤ ਸੌਖਾ ਦੱਸਿਆ ਗਿਆ ਹੈ। ਜਿਹੜੇ ਭਗਤ ਆਪਣੇ ਸਾਰੇ ਕਰਮਾਂ ਨੂੰ ਈਸ਼ਵਰ ਦੇ ਅਰਪਣ ਕਰ ਦਿੰਦੇ ਹਨ ਅਤੇ ਹਮੇਸ਼ਾਂ ਉਸ ਦਾ ਧਿਆਨ ਕਰਦੇ ਰਹਿੰਦੇ ਹਨ, ਉਹ ਸੰਸਾਰ-ਸਾਗਰ ਤੋਂ ਜਲਦੀ ਹੀ ਪਾਰ ਚਲੇ ਜਾਂਦੇ ਹਨ। ਜਿਹੜਾ ਭਗਤ ਆਪਣੇ ਮਨ ਨੂੰ ਈਸ਼ਵਰ ਦੇ ਕਿਸੇ ਵਿਸ਼ੇਸ਼ ਰੂਪ ਵਿਚ ਲਗਾ ਕੇ ਰੱਖਦਾ ਹੈ, ਉਹ ਉਸੇ ਨੂੰ ਪ੍ਰਾਪਤ ਕਰਦਾ ਹੈ। ਇਹ ਸਰਗੁਣ-ਭਗਤੀ ਸਾਧਾਰਣ ਵਿਅਕਤੀ ਵਾਸਤੇ ਦੱਸੀ ਗਈ ਹੈ। ਇਸ ਭਗਤੀ ਦੇ ਅਨੁਸਾਰ ਭਗਤ ਈਸ਼ਵਰ ਦੇ ਸਹਾਰੇ ਹੀ ਜਗਤ ਵਿਚ ਰਹਿੰਦਾ ਹੈ ਅਤੇ ਹਰ ਵੇਲੇ ਉਸ ਦਾ ਧਿਆਨ ਕਰਦੇ ਹੋਏ ਸਾਰੇ ਕਰਮ ਕਰਦਾ ਹੈ। ਗੀਤਾ ਦੇ ਬਾਰ੍ਹਵੇਂ ਅਧਿਆਇ ਵਿਚ ਹੀ ਗਿਆਨ ਨਾਲੋਂ ਧਿਆਨ ਨੂੰ ਅਤੇ ਧਿਆਨ ਨਾਲੋਂ ਕਰਮਾਂ ਦੇ ਫਲ ਦੇ ਤਿਆਗ ਨੂੰ ਉੱਤਮ ਦੱਸਿਆ ਗਿਆ ਹੈ। ਸਰਗੁਣ-ਭਗਤੀ ਦੇ ਅਨੁਸਾਰ ਵੀ ਕਰਮ-ਫਲ ਦਾ ਮੋਹ ਤਿਆਗਣਾ ਪੈਂਦਾ ਹੈ।

## 4. ਕੀਰਤਨ-ਭਗਤੀ

ਗੀਤਾ ਦੇ ਨੌਵੇਂ ਅਧਿਆਇ ਵਿਚ ਈਸ਼ਵਰ ਦੇ ਨਾਮ ਦਾ ਕੀਰਤਨ ਕਰਨ ਬਾਰੇ ਕਿਹਾ ਗਿਆ ਹੈ। ਇਸ ਅਧਿਆਇ ਵਿਚ ਸ੍ਰੀ ਕ੍ਰਿਸਨ ਅਰਜੁਨ ਨੂੰ ਕਹਿੰਦੇ ਹਨ ਕਿ ਮਹਾਤਮਾ ਲੋਕ ਈਸ਼ਵਰ ਦੀ ਦੈਵੀ ਪ੍ਰਕ੍ਰਿਤੀ ਦੇ ਸਹਾਰੇ ਰਹਿੰਦੇ ਹਨ। ਅਜਿਹੇ ਭਗਤ ਏਕਾਗਰ ਚਿੱਤ ਨਾਲ ਈਸ਼ਵਰ ਦਾ ਭਜਨ ਕਰਦੇ ਹਨ ਅਤੇ ਲਗਾਤਾਰ ਉਸ ਦੇ ਨਾਮ ਅਤੇ ਗੁਣਾਂ ਦਾ ਕੀਰਤਨ ਕਰਦੇ ਹਨ। ਅਜਿਹੇ ਮਹਾਤਮਾ ਈਸ਼ਵਰ ਨੂੰ ਸਭ ਥਾਂ ਤੇ ਹਾਜ਼ਰ ਸਮਝਦੇ ਹੋਏ ਉਸ ਨੂੰ ਹਮੇਸ਼ਾਂ ਨਮਸਕਾਰ ਵੀ ਕਰਦੇ ਹਨ। ਇਸ ਕੀਰਤਨ ਦੁਆਰਾ ਭਗਤ ਹਮੇਸ਼ਾਂ ਈਸ਼ਵਰ ਦੇ ਕਿਸੇ ਨਾ ਕਿਸੇ ਰੂਪ ਦਾ ਚਿੰਤਨ ਹੀ ਕਰਦੇ ਰਹਿੰਦੇ ਹਨ। ਅਸਲ ਵਿਚ ਚਿੰਤਨ, ਕੀਰਤਨ, ਸਿਮਰਨ ਅਤੇ ਸ਼ਰਵਣ ਨਾਲ-ਨਾਲ ਹੀ ਚਲਦੇ ਹਨ ਅਤੇ ਇਹ ਸਾਰੇ ਨਿਰਗੁਣ ਅਤੇ ਸਰਗੁਣ ਭਗਤੀ ਨਾਲ ਸੰਬੰਧਿਤ ਪ੍ਰਤੀਤ ਹੁੰਦੇ ਹਨ।

## 5. ਸਮਰਪਣ-ਭਗਤੀ

ਗੀਤਾ ਦੇ ਅੰਤਿਮ ਉਪਦੇਸ਼ ਵਿਚ ਆਤਮ-ਸਮਰਪਣ ਦੀ ਭਗਤੀ ਤੇ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ। ਇਸ ਭਗਤੀ ਦੇ ਅਨੁਸਾਰ ਭਗਤ ਆਪਣੇ ਸਾਰੇ ਜੀਵਨ ਨੂੰ ਈਸ਼ਵਰ ਦੇ ਅਰਪਣ ਕਰ ਦਿੰਦਾ ਹੈ। ਇਸ ਭਗਤੀ ਦੇ ਅਨੁਸਾਰ ਭਗਤ ਨੂੰ ਚਾਹੀਦਾ ਹੈ ਕਿ ਉਹ ਮਨ ਦਵਾਰਾ ਸਾਰੇ ਕਰਮਾਂ ਨੂੰ ਈਸ਼ਵਰ ਦੇ ਅਰਪਣ ਕਰ ਦੇਵੇ ਅਤੇ ਉਸ ਦੇ ਸਹਾਰੇ ਹੀ ਜਗਤ ਵਿਚ ਰਹੇ। ਇਸ ਸਮਰਪਣ ਦੇ ਪ੍ਰਭਾਵ ਨਾਲ ਭਗਤ ਈਸ਼ਵਰ ਦੀ ਕਿਰਪਾ ਨੂੰ ਪ੍ਰਾਪਤ ਕਰਕੇ ਸੰਸਾਰ ਦੀਆਂ ਸਾਰੀਆਂ ਮੁਸੀਬਤਾਂ ਤੋਂ ਬਚ ਜਾਂਦਾ ਹੈ। ਇਸ ਪ੍ਰਕਾਰ ਦੀ ਭਗਤੀ ਦਾ ਵਿਸ਼ਲੇਸ਼ਣ ਕਰਦੇ ਹੋਏ ਗੀਤਾ ਵਿਚ ਕਿਹਾ ਗਿਆ ਹੈ ਕਿ ਭਗਤ ਆਪਣੇ ਮਨ ਨੂੰ ਈਸ਼ਵਰ ਵਿਚ ਲਗਾ ਦੇਵੇ, ਈਸ਼ਵਰ ਦੀ ਪੂਜਾ ਕਰੇ, ਈਸ਼ਵਰ ਨੂੰ ਨਮਸਕਾਰ ਕਰੇ ਅਤੇ ਕਿਸੇ ਪ੍ਰਕਾਰ ਦੇ ਭਰਮ ਦੀ ਕੋਈ ਚਿੰਤਾ ਨਾ ਕਰਦੇ ਹੋਏ ਈਸ਼ਵਰ ਦੀ ਸ਼ਰਣ ਵਿਚ ਚਲਾ ਜਾਵੇ। ਅਜਿਹੇ ਸ਼ਰਣਾਗਤ-ਭਗਤਾਂ ਦੀ ਰੱਖਿਆ, ਈਸ਼ਵਰ ਆਪ ਕਰਦਾ ਹੈ।

## 6. ਭਗਤੀ ਮਾਰਗ ਦੀਆਂ ਵਿਸ਼ੇਸ਼ਤਾਵਾਂ

ਗੀਤਾ ਦੇ ਬਾਰ੍ਹਵੇਂ ਅਧਿਆਇ ਵਿਚ ਭਗਤ ਦੇ ਸੁਭਾਅ ਦਾ ਵਰਣਨ ਕਰਨ ਵਾਲੇ ਉਸ ਦੇ ਜਿਹੜੇ ਗੁਣਾਂ ਦਾ ਵਰਣਨ ਕੀਤਾ ਗਿਆ ਹੈ, ਉਸ ਤੇ ਵਿਚਾਰ ਕਰਨ ਨਾਲ ਭਗਤੀ ਮਾਰਗ ਦੀਆਂ ਵਿਸ਼ੇਸ਼ਤਾਵਾ ਦਾ ਸਪਸ਼ਟ ਗਿਆਨ ਹੋ ਜਾਂਦਾ ਹੈ। ਸੱਚਾ ਭਗਤ ਉਹ ਹੁੰਦਾ ਹੈ ਜਿਹੜਾ ਕਿਸੇ ਨਾਲ ਦਵੈਸ਼ ਨਹੀਂ ਕਰਦਾ ਜਾਂ ਕਿਸੇ ਤੋਂ ਘਿਰਣਾ ਨਹੀਂ ਕਰਦਾ। ਭਗਤ ਸਾਰੇ ਪ੍ਰਾਣੀਆਂ ਦਾ ਮਿੱਤਰ ਹੁੰਦਾ ਹੈ ਅਤੇ ਉਹ ਕਿਸੇ ਨਾਲ ਦੁਸ਼ਮਣੀ ਨਹੀਂ ਰੱਖਦਾ। ਭਗਤ ਸਭ ਜੀਵਾਂ ਤੇ ਦਇਆ ਕਰਦਾ ਹੈ, ਉਹ ਮਮਤਾ ਅਤੇ ਮੋਹ ਤੋਂ ਪਰ੍ਹਾ ਰਹਿੰਦਾ ਹੈ। ਭਗਤ ਵਿਚ ਹਉਮੈ ਦੀ ਭਾਵਨਾ ਨਹੀਂ ਹੁੰਦੀ ਹੈ ਉਸ ਦੇ ਵਿਵਹਾਰ ਵਿਚ ਨਿਮਰਤਾ ਹੁੰਦੀ ਹੈ। ਸੱਚਾ ਭਗਤ ਸੁਖ ਅਤੇ ਦੁਖ ਵਿਚ ਸਮਾਨ ਰਹਿੰਦਾ ਹੈ ਅਤੇ ਕਦੇ ਘਬਰਾਉਂਦਾ ਨਹੀਂ। ਉਸ ਦੇ ਚਿੱਤ ਵਿਚ ਹਮੇਸ਼ਾਂ ਖਿਮਾ ਦੀ ਭਾਵਨਾ ਰਹਿੰਦੀ ਹੈ ਅਤੇ ਉਹ ਹਰ ਹਾਲਤ ਵਿਚ ਸੰਤੋਖ ਰੱਖਦਾ ਹੈ। ਅਜਿਹਾ ਭਗਤ ਮਾਨ ਤੇ ਅਪਮਾਨ ਨੂੰ ਬਰਾਬਰ ਸਮਝਦਾ ਹੈ, ਨਿੰਦਾ ਅਤੇ ਉਸਤਤੀ ਨੂੰ ਸਮਾਨ ਸਮਝਦਾ ਹੈ ਅਤੇ ਕਿਸੇ ਚੀਜ਼ ਵਿਚ ਲਗਾਉ ਨਹੀਂ ਰੱਖਦਾ। ਇਸ ਤਰ੍ਹਾ ਇਹ ਭਗਤੀ-ਮਾਰਗ ਮਨੁੱਖ ਦੇ ਜੀਵਨ ਅਤੇ ਵਿਵਹਾਰ ਨੂੰ ਬਦਲ ਦਿੰਦਾ ਹੈ। ਭਗਤੀ-ਮਾਰਗ ਦੀਆਂ ਹੋਰ ਵੀ ਅਨੇਕ ਵਿਸ਼ੇਸ਼ਤਾਵਾਂ ਗੀਤਾ ਵਿਚ ਦੱਸੀਆਂ ਗਈਆਂ ਹਨ। ਇਹ ਭਗਤੀ-ਮਾਰਗ ਸੱਚੇ ਗਿਆਨ ਅਤੇ ਸੱਚੇ ਕਰਮ ਦਾ ਸੰਯੁਕਤ ਰੂਪ ਮੰਨਿਆ ਜਾ ਸਕਦਾ ਹੈ। ਕਿਉਂਕਿ ਇਨ੍ਹਾਂ ਤੋਂ ਬਿਨ੍ਹਾਂ ਭਗਤੀ ਅਧੂਰੀ ਹੁੰਦੀ ਹੈ।

## ਕਰਮ-ਮਾਰਗ ਦੇ ਸਰੂਪ ਤੇ ਵਿਚਾਰ

ਗੀਤਾ ਦੇ ਅਨੁਸਾਰ ਕਰਮ-ਮਾਰਗ ਨੂੰ ਕਰਮ-ਯੋਗ ਜਾਂ ਨਿਸ਼ਕਾਮ-ਕਰਮ-ਯੋਗ ਕਿਹਾ ਜਾਂਦਾ ਹੈ। ਇਹ ਯੋਗ ਮਨੁੱਖ ਨੂੰ ਕਰਮ ਵਾਸਤੇ ਕਰਮ ਕਰਨ ਦੀ ਸਲਾਹ ਦਿੰਦਾ ਹੈ, ਕਿਉਂਕਿ ਪ੍ਰਕ੍ਰਿਤੀ ਨੇ ਮਨੁੱਖ ਨੂੰ ਕਰਮਸ਼ੀਲ ਪ੍ਰਾਣੀ ਬਣਾਇਆ ਹੈ। ਿਇਸ ਲਈ ਕੋਈ ਵੀ ਮਨੁੱਖ ਬਿਨਾਂ ਕਰਮ ਕੀਤੇ ਇਸ ਲੋਕ ਵਿਚ ਨਹੀਂ ਰਹਿ ਸਕਦਾ। ਕਰਮ ਹੀ ਮਨੁੱਖੀ ਜੀਵਨ ਦਾ ਆਧਾਰ ਹੈ। ਗੀਤਾ ਦਾ ਕਰਮ-ਯੋਗ ਨਿਸ਼ਕਾਮਤਾ ਦੀ ਭਾਵਨਾ ਤੇ ਆਧਾਰਿਤ ਹੈ ਅਤੇ ਮਨੁੱਖ ਨੂੰ ਬਿਨ੍ਹਾਂ ਫਲ ਦੀ ਇੱਛਾ ਤੋਂ ਕਰਮ ਕਰਨ ਦੀ ਪ੍ਰੇਰਨਾ ਦਿੰਦਾ ਹੈ। ਇਹ ਕਰਮ-ਯੋਗ ਦਾ ਸਿਧਾਂਤ ਗੀਤਾ ਵਿਚ ਵਿਸਥਾਰ ਨਾਲ ਦੱਸਿਆ ਗਿਆ ਹੈ। ਇਸ ਯੋਗ ਦੇ ਕਈ ਪੱਖ ਹਨ, ਜਿਨ੍ਹਾਂ ਤੇ ਇੱਥੇ ਵਿਚਾਰ ਕੀਤਾ ਜਾਂਦਾ ਹੈ।

### 1. ਕਰਮ ਦਾ ਅਧਿਕਾਰ

ਗੀਤਾ ਦੇ ਦੂਜੇ ਅਧਿਆਇ ਵਿਚ ਕਰਮ-ਯੋਗ ਦਾ ਸੰਖੇਪ ਵਿਚ ਵਿਸ਼ੇਲੇਸ਼ਣ ਕਰਦੇ ਹੋਏ ਕਿਹਾ ਗਿਆ ਹੈ ਕਿ ਮਨੁੱਖ ਨੂੰ ਪ੍ਰਕ੍ਰਿਤੀ ਨੇ ਜਾਂ ਈਸ਼ਵਰ ਨੇ ਕੇਵਲ ਕਰਮ ਕਰਨ ਦਾ ਅਧਿਕਾਰ ਦਿੱਤਾ ਹੈ। ਪਰ ਉਸ ਨੇ ਕਰਮ-ਫਲ ਤੇ ਆਪਣਾ ਅਧਿਕਾਰ ਰੱਖਿਆ ਹੋਇਆ ਹੈ। ਇਸ ਲਈ ਮਨੁੱਖ ਨੂੰ ਆਪਣੇ ਅਧਿਕਾਰ ਦੇ ਖੇਤਰ ਤੋਂ ਬਾਹਰ ਨਹੀਂ ਜਾਣਾ ਚਾਹੀਦਾ। ਇਸ ਦਾ ਭਾਵ ਇਹ ਹੈ ਕਿ ਮਨੁੱਖ ਜਦੋਂ ਵੀ ਕਰਮ ਕਰੇ, ਤਾਂ ਕਰਮ ਕੇਵਲ ਕਰਮ ਦੀ ਭਾਵਨਾ ਨਾਲ ਜਾਂ ਕਰਤੱਵ ਦੀ ਭਾਵਨਾ ਨਾਲ ਕਰੇ। ਇਹ ਕਰਤੱਵ ਦੀ ਭਾਵਨਾ ਹੀ ਕਰਮ-ਯੋਗ ਦਾ ਆਧਾਰ ਪ੍ਰਤੀਤ ਹੁੰਦੀ ਹੈ ਕਿਉਂਕਿ ਜੋ ਵਿਅਕਤੀ ਫਲ ਦੀ ਇੱਛਾ ਨਾਲ ਕਰਮ ਕਰਦਾ ਹੈ, ਉਹ ਕਰਮ ਦੇ ਬੰਧਨ ਵਿਚ ਆ ਜਾਂਦਾ ਹੈ। ਫਲ ਦੀ ਇੱਛਾ ਮਨੁੱਖ ਦੇ ਬੰਧਨ ਦਾ ਕਾਰਣ ਹੁੰਦੀ ਹੈ। ਜਿਹੜਾ ਮਨੁੱਖ ਆਪਣੇ ਕਰਮ ਦੇ ਫਲ ਦੀ ਇੱਛਾ ਨਾ ਰੱਖਦੇ ਹੋਏ ਕਰਮ ਕਰਦਾ ਹੈ, ਉਹ ਆਪਣੇ ਕਰਮ ਦੇ ਅਧਿਕਾਰ ਦੀ ਯਥਾਰਥ ਵਰਤੋਂ ਕਰਦਾ ਹੈ। ਪਰ ਅਗਿਆਨੀ ਵਿਅਕਤੀ ਹਮੇਸ਼ਾਂ ਕਰਮ-ਫਲ ਦੀ ਇੱਛਾ ਨਾਲ ਹੀ ਕਰਮ ਕਰਦੇ ਹਨ ਅਤੇ ਜੇ ਉਨ੍ਹਾ ਨੂੰ ਮਨ-ਚਾਹਿਆ ਫਲ ਨਹੀਂ ਮਿਲਦਾ, ਤਾਂ ਉਹ ਦੁਖੀ ਹੁੰਦੇ ਹਨ। ਜਿਹੜਾ ਗਿਆਨੀ ਵਿਅਕਤੀ ਕੇਵਲ ਕਰਮ ਵਿਚ ਆਪਣਾ ਅਧਿਕਾਰ ਸਮਝ ਕੇ ਕਰਮ ਕਰਦਾ ਹੈ। ਉਹ ਜੀਵਨ ਦੀ ਹਰ ਅਵਸਥਾ ਵਿਚ ਸੁਖੀ ਰਹਿੰਦਾ ਹੈ ਅਤੇ ਜੀਵਨ-ਮੁਕਤੀ ਦਾ ਇੱਥੇ ਹੀ ਅਨੁਭਵ ਕਰਦਾ ਹੈ।

### 2. ਕਰਮ ਵਿਚ ਅਸੰਗ ਭਾਵਨਾ

ਗੀਤਾ ਦੇ ਕਰਮ-ਯੋਗ ਦੇ ਅਨੁਸਾਰ ਸੰਗ ਦੀ ਭਾਵਨਾ ਆਸ਼ਕਤੀ ਦੀ ਭਾਵਨਾ ਹੁੰਦੀ ਹੈ ਅਤੇ ਅਸੰਗ ਦੀ ਭਾਵਨਾ ਅਨਾਸ਼ਕਤੀ ਜਾਂ ਨਿਰਾਸ਼ਕਾਰੀ ਦੀ ਭਾਵਨਾ ਕਹੀ ਜਾ ਸਕਦੀ ਹੈ। ਵਸਤੂਆਂ ਜਾਂ ਵਿਅਕਤੀਆਂ ਵਿਚ ਜਿਹੜਾ

ਅਨੁਰਾਗ, ਆਕਰਸ਼ਣ ਜਾਂ ਮੋਹ ਜਾਂ ਲਗਾਉ ਹੁੰਦਾ ਹੈ, ਉਹੀ ਮਨੁੱਖੀ ਜੀਵਨ ਦੇ ਬੰਧਨ ਦਾ ਕਾਰਣ ਕਿਹਾ ਜਾ ਸਕਦਾ ਹੈ। ਜ਼ਿਆਦਾਤਰ ਜੀਵ ਮੋਹ ਦੀ ਅਵਸਥਾ ਵਿਚ ਰਹਿੰਦੇ ਹਨ। ਕੁੱਝ ਲੋਕ ਵੈਰਾਗੀ ਬਣ ਕੇ ਸਮਾਜਿਕ ਵਾਤਾਵਰਣ ਤੋਂ ਵੱਖਰੇ ਰਹਿੰਦੇ ਹਨ। ਪਰ ਗੀਤਾ ਦਾ ਕਰਮ ਦਾ ਸਿਧਾਂਤ ਮੋਹ ਅਤੇ ਵੈਰਾਗ ਦੋਹਾਂ ਤੋਂ ਵੱਖਰਾ ਹੈ। ਇਹ ਸਿਧਾਂਤ ਮੋਹ ਅਤੇ ਰਾਗ ਨੂੰ ਖਤਮ ਕਰਨ ਦਾ ਉਪਦੇਸ਼ ਦਿੰਦਾ ਹੈ ਅਤੇ ਮਾਨਸਿਕ ਤਿਆਗ ਦੀ ਭਾਵਨਾ ਤੇ ਜ਼ੋਰ ਦਿੰਦਾ ਹੈ। ਅਸੰਗ ਦੀ ਭਾਵਨਾ ਇਕ ਪਾਸੇ ਤਾਂ ਮਾਨਸਿਕ ਮੋਹ ਨੂੰ ਖਤਮ ਕਰਦੀ ਹੈ ਅਤੇ ਦੂਜੇ ਪਾਸੇ ਕਰਮ ਦੀ ਪ੍ਰੇਰਣਾ ਦਿੰਦੀ ਹੈ ਪਰ ਇਹ ਭਾਵਨਾ ਕਰਮ ਦੇ ਫਲ ਦੀ ਇੱਛਾ ਦਾ ਤਿਆਗ ਕਰਨ ਦੀ ਸਲਾਹ ਦਿੰਦੀ ਹੈ। ਗੀਤਾ ਵਿਚ ਸ੍ਰੀ ਕ੍ਰਿਸ਼ਨ ਕਹਿੰਦੇ ਹਨ ਕਿ ਮਨੁੱਖ ਅਸੰਗ ਦੀ ਭਾਵਨਾ ਨੂੰ ਸ਼ਸਤਰ ਬਣਾ ਕੇ ਕਰਮਾਂ ਦੇ ਬੰਧਨ ਨੂੰ ਕੱਟ ਦੇਵੇ, ਇਹੀ ਸਿਆਣਪ ਹੈ। ਅਸਲ ਵਿਚ ਕਰਮ-ਬੰਧਨ ਨੂੰ ਕੱਟਣ ਦਾ ਇਹੀ ਸੌਖਾ ਤਰੀਕਾ ਹੈ।

## 3. ਦੈਵੀ ਕਰਮ ਦੀ ਪ੍ਰੇਰਨਾ

ਗੀਤਾ ਦਾ ਕਰਮ ਯੋਗ ਨਿਸ਼ਕਾਮ-ਕਰਮ ਦੇ ਨਾਲ-ਨਾਲ ਦੈਵੀ-ਕਰਮ ਦਾ ਉਪਦੇਸ਼ ਵੀ ਦਿੰਦਾ ਹੈ। ਇਸ ਦੈਵੀ ਕਰਮ ਨੂੰ ਗੀਤਾ ਵਿਚ 'ਯੱਗ' ਕਿਹਾ ਗਿਆ ਹੈ। ਗੀਤਾ ਦੇ ਤੀਜੇ ਅਧਿਆਇ ਵਿਚ ਕਿਹਾ ਹੈ ਕਿ ਯੱਗ-ਕਰਮ ਨੂੰ ਛੱਡ ਕੇ ਸੰਸਾਰ ਦੇ ਬਾਕੀ ਸਾਰੇ ਕਰਮ ਬੰਧਨ ਰੂਪ ਹੁੰਦੇ ਹਨ। ਇਸ ਲਈ ਕਰਮਯੋਗ ਪੁਰਖ ਨੂੰ ਨਿਰਲੇਪਤਾ ਦੀ ਭਾਵਨਾ ਨਾਲ ਯੱਗ ਕਰਮ ਕਰਨਾ ਚਾਹੀਦਾ ਹੈ। ਇਸ ਯੱਗ ਦੇ ਅਨੁਸਾਰ ਹੀ ਜਗਤ ਦੀ ਰਚਨਾ ਹੋਈ ਅਤੇ ਇਸ ਯੱਗ-ਕਰਮ ਨਾਲ ਇੰਦਰ ਆਦਿ ਦੇਵਤਾ ਖੁਸ਼ ਹੁੰਦੇ ਹਨ। ਦੇਵਤਿਆਂ ਦੇ ਖੁਸ਼ ਹੋਣ ਤੇ ਬਰਖਾ ਹੁੰਦੀ ਅਤੇ ਬਰਖਾ ਤੋਂ ਅੰਨ ਪੈਦਾ ਹੁੰਦਾ ਹੈ। ਅੰਨ ਨਾਲ ਹੀ ਸਾਰੇ ਪ੍ਰਾਣੀ ਜੀਉਂਦੇ ਹਨ। ਇਸ ਲਈ ਯੱਗ-ਕਰਮ ਦੈਵੀ ਕਰਮ ਹੋਣ ਦੇ ਨਾਲ-ਨਾਲ ਸਾਰੇ ਸਮਾਜ ਦੀ ਉੱਨਤੀ ਕਰਨ ਵਿਚ ਵੀ ਸਹਾਇਕ ਹੁੰਦਾ ਹੈ।

## 4. ਲੋਕ-ਸੰਗ੍ਰਹਿ ਦੀ ਭਾਵਨਾ

ਗੀਤਾ ਦਾ ਕਰਮ-ਯੋਗ ਲੋਕ-ਸੰਗ੍ਰਹਿ ਦੀ ਭਾਵਨਾ ਦੀ ਪ੍ਰੇਰਣਾ ਵੀ ਦਿੰਦਾ ਹੈ। ਇਸ ਲੋਕ-ਸੰਗ੍ਰਹਿ ਦਾ ਅਰਥ ਲੋਕ-ਵਿਵਸਥਾ ਜਾਂ ਸਮਾਜਿਕ-ਵਿਵਸਥਾ ਨੂੰ ਕਾਇਮ ਰੱਖਦਾ ਹੈ। ਸਾਧਾਰਣ ਤੌਰ ਤੇ ਕਰਮ ਮਨੁੱਖੀ ਜੀਵਨ ਨੂੰ ਚਲਾਉਣ ਵਾਸਤੇ ਕੀਤਾ ਜਾਂਦਾ ਹੈ, ਕਿਉਂਕਿ ਕਰਮ ਹੀ ਮਨੁੱਖ ਦੀ ਰੋਜ਼ੀ ਅਤੇ ਰੋਟੀ ਦਾ ਸਾਧਨ ਹੈ। ਪਰ ਜਿਹੜੇ ਵਿਅਕਤੀਆਂ ਕੋਲ ਰੋਟੀ ਅਤੇ ਰੋਜ਼ੀ ਦੇ ਸਾਧਨ ਮੌਜੂਦ ਹਨ, ਉਨ੍ਹਾਂ ਨੂੰ ਵੀ ਕਰਮ ਕਰਨਾ ਚਾਹੀਦਾ ਹੈ। ਜੋ ਧਨ-ਦੌਲਤ ਵਾਲੇ ਅਤੇ ਸਮਾਜ ਦੇ ਆਗੂ ਕਰਮ ਨਹੀਂ ਕਰਨਗੇ ਤਾਂ ਸਮਾਜ ਵਿਚ ਭ੍ਰਿਸ਼ਟਾਚਾਰ ਫੈਲ ਜਾਏਗਾ। ਲੋਕ-ਸੰਗ੍ਰਹਿ ਦੀ ਭਾਵਨਾ ਸਮਾਜਿਕ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੀ ਪ੍ਰੇਰਨਾ ਦਿੰਦੀ ਹੈ। ਗੀਤਾ ਵਿਚ ਸ੍ਰੀ ਕ੍ਰਿਸ਼ਨ ਕਹਿੰਦੇ ਹਨ, ਕਿ ਜਿਵੇਂ ਜਨਮ ਆਦਿ ।ਬ੍ਰਹਮ-ਗਿਆਨੀ ਵਿਅਕਤੀ ਕਰਮ ਕਰਦੇ ਰਹੇ ਹਨ, ਇਸ ਤਰ੍ਹਾਂ ਹਰੇਕ ਗਿਆਨੀ ਅਤੇ ਸਿਆਣੇ ਵਿਅਕਤੀ ਨੂੰ ਸਮਾਜਿਕ-ਵਿਵਸਥਾ ਨੂੰ ਠੀਕ ਰੱਖਣ ਵਾਸਤੇ ਕਰਮ ਕਰਨਾ ਚਾਹੀਦਾ ਹੈ। ਕਹਿਣ ਦਾ ਭਾਵ ਇਹ ਹੈ ਕਿ ਕਰਮ ਹੀ ਮਨੁੱਖੀ-ਜੀਵਨ ਦਾ ਆਧਾਰ ਹੈ। ਜੇ ਮਨੁੱਖ ਕਰਮ ਕਰਨਾ ਛੱਡ ਦੇਵੇ ਤਾਂ ਉਸ ਦਾ ਆਪਣਾ ਜੀਵਨ ਅਤੇ ਸਮਾਜ ਦਾ ਜੀਵਨ ਭ੍ਰਸ਼ਟ ਹੋ ਸਕਦਾ ਹੈ। ਇਸ ਵਿਅਕਤੀਗਤ ਅਤੇ ਸਮਾਜਿਕ ਭ੍ਰਿਸ਼ਟਤਾ ਜਾਂ ਵਿਨਾਸ਼ ਦੀ ਭਾਵਨਾ ਤੋਂ ਬੱਚਣ ਵਾਸਤੇ ਕਰਮ ਕਰਨਾ ਜ਼ਰੂਰੀ ਹੈ। ਗੀਤਾ ਦਾ ਕਰਮ-ਯੋਗ ਲੋਕ-ਸੰਗ੍ਰਹਿ ਦਾ ਉਪਦੇਸ਼ ਦਿੰਦਾ ਹੈ।

## 5. ਕਰਮ ਵਿਚ ਯੋਗ ਦੀ ਭਾਵਨਾ

ਸਾਰੇ ਵਿਅਕਤੀ ਹਮੇਸ਼ਾਂ ਕੁੱਝ ਨਾ ਕੁੱਝ ਕਰਮ ਕਰਦੇ ਰਹਿੰਦੇ ਹਨ। ਇਸ ਕਰਮ ਦਾ ਸੰਬੰਧ ਸਰੀਰ, ਇੰਦਰੀਆਂ, ਪ੍ਰਾਣ, ਮਨ ਅਤੇ ਬੁੱਧੀ ਨਾਲ ਹੁੰਦਾ ਹੈ। ਪਰ ਜਿਹੜੇ ਵਿਅਕਤੀ ਸਰੀਰ ਨਾਲ ਕਰਮ ਨਾ ਕਰਦੇ ਹੋਏ ਬਾਕੀ ਸਾਧਨਾਂ ਨਾਲ ਕਰਮ ਕਰਦੇ ਹਨ, ਉਨ੍ਹਾਂ ਨੂੰ ਗੀਤਾ ਵਿਚ ਪਾਖੰਡੀ ਕਿਹਾ ਗਿਆ ਹੈ। ਜਿਹੜੇ ਵਿਅਕਤੀ ਮਨ ਅਤੇ ਬੁੱਧੀ ਦੁਆਰਾ ਇੰਦਰੀਆਂ ਤੇ ਕਾਬੂ ਪਾ ਕੇ ਕੇਵਲ ਸਰੀਰ ਦੁਆਰਾ ਕਰਮ ਕਰਦੇ ਹਨ, ਉਨ੍ਹਾਂ ਨੂੰ ਹੀ ਕਰਮ-ਯੋਗੀ ਕਿਹਾ ਜਾਂਦਾ ਹੈ। ਜਿਹੜਾ ਵਿਅਕਤੀ ਕਰਮ ਨੂੰ ਫਲ ਦੀ ਇੱਛਾ ਨਾਲ ਕਰਦਾ ਹੈ, ਉਹ ਕਰਮਾਂ ਦੇ ਬੰਧਨ ਵਿਚ ਆ ਜਾਂਦਾ ਹੈ, ਅਜਿਹਾ ਵਿਅਕਤੀ ਯੋਗੀ ਨਹੀਂ ਕਿਹਾ ਜਾ ਸਕਦਾ, ਕਰਮ-ਯੋਗੀ ਕੇਵਲ ਕਰਮ ਤੇ ਹੀ

ਆਪਣਾ ਅਧਿਕਾਰ ਸਮਝਦਾ ਹੈ, ਉਹ ਕਰਮ ਕੇਵਲ ਕਰਨ ਵਾਸਤੇ ਅਤੇ ਬਿਨਾਂ ਫਲ ਦੀ ਇੱਛਾ ਤੋਂ ਕਰਦਾ ਹੈ, ਅਜਿਹਾ ਵਿਅਕਤੀ ਹੀ ਕਰਮ-ਯੋਗੀ ਹੁੰਦਾ ਹੈ। ਆਤਮ-ਗਿਆਨੀ ਲੋਕ-ਸੰਗ੍ਰਹਿ ਲਈ ਕਰਮ ਕਰਦੇ ਹਨ ਅਤੇ ਈਸ਼ਵਰ ਦੇ ਭਗਤ ਦੀ ਹੋਂਦ ਨੂੰ ਸਾਰੇ ਜੀਵਾਂ ਵਿਚ ਵੇਖਦੇ ਹੋਏ, ਜੀਵਾਂ ਦੀ ਸੇਵਾ ਲਈ ਕਰਮ ਕਰਦੇ ਹਨ। ਆਤਮ-ਗਿਆਨੀ ਅਤੇ ਭਗਤੀਵਾਦੀ ਵਿਅਕਤੀ ਵੀ ਕਰਮ-ਯੋਗੀ ਕਹੇ ਜਾ ਸਕਦੇ ਹਨ। ਕਰਮ-ਯੋਗੀ ਜੀਵਨ ਵਿਚ ਹੀ ਮੁਕਤੀ ਦੀ ਭਾਵਨਾ ਦਾ ਅਨੁਭਵ ਕਰਾਉਂਦਾ ਹੈ, ਕਿਉਂਕਿ ਬੰਧਨ ਤਾਂ ਫਲ ਦੀ ਇੱਛਾ ਦਾ ਹੁੰਦਾ ਹੈ। ਜਿਹੜਾ ਵਿਅਕਤੀ ਕਰਮ-ਫਲ ਦੀ ਇੱਛਾ ਤੋਂ ਰਹਿਤ ਹੋ ਕੇ ਯੋਗ ਦੀ ਭਾਵਨਾ ਨਾਲ ਜਾਂ ਲੋਕ-ਸੰਗ੍ਰਹਿ ਦੀ ਭਾਵਨਾ ਨਾਲ ਜਾਂ ਜਨਤਾ ਦੀ ਸੇਵਾ ਭਾਵਨਾ ਨਾਲ ਕਰਮ ਕਰਦਾ ਹੈ, ਉਹੀ ਕਰਮ-ਯੋਗੀ ਹੈ।

## ਵਧੇਰੇ ਜਾਣਕਾਰੀ ਲਈ ਪੁਸਤਕਾਂ


1. ਈਸ਼ਾਦਿ ਨੌ ਉਪਨਿਸ਼ਦ, ਗੀਤਾ ਪ੍ਰੈਸ, ਗੋਰਖਪੁਰ।
2. ਗੀਤਾ ਰਹੱਸ, ਜੀ.ਬੀ.ਤਿਲਕ।
3. ਕੇਨ ਉਪਨਿਸ਼ਦ, ਸ੍ਰੀ ਅਰਵਿੰਦ।
4. ਐਸੇਜ਼ ਆਨ ਦੀ ਗੀਤਾ, ਸ੍ਰੀ ਅਰਵਿੰਦ।
5. ਗੀਤਾ ਭਾਸ਼ਯ, ਸ਼ੰਕਰਾਚਾਰੀਆ।
6. ਭਗਵਤ ਗੀਤਾ, ਡਾ. ਰਾਧਾ ਕ੍ਰਿਸ਼ਨਨ।
7. ਪ੍ਰਿੰਸੀਪਲ ਉਪਨਿਸ਼ਦ, ਡਾ. ਰਾਧਾ ਕ੍ਰਿਸ਼ਨਨ।

ਪਾਠ ਨੰਬਰ : 1.3 ਲੇਖਕ : ਡਾ. ਰਮਿੰਦਰਜੀਤ ਕੌਰ

# ਵੈਦਿਕ ਸਾਹਿਤ-ਬਣਤਰ ਅਤੇ ਵਿਸ਼ਾ ਵਸਤੂ

ਵੇਦ ਇਸ ਸੰਸਾਰ ਦੇ ਸਭ ਤੋਂ ਪੁਰਾਤਨ ਗ੍ਰੰਥ ਮੰਨੇ ਜਾਂਦੇ ਹਨ। ਸਨਾਤਨ ਧਰਮ ਦੀ ਮਾਨਤਾ ਅਨੁਸਾਰ ਇਹ ਗਿਆਨ ਦਾ ਅਟੁੱਟ ਭੰਡਾਰ ਹਨ ਜਿਹਨਾਂ ਦਾ ਮੁੱਲ ਅੱਜ ਵੀ ਉਤਨਾ ਹੀ ਹੈ ਜਿਤਨਾ ਵੈਦਿਕ ਕਾਲ ਵਿਚ ਸੀ। **ਮਨੁੱਖੀ ਜੀਵਨ ਦੇ ਵਿਭਿੰਨ ਪੱਖਾਂ ਨੂੰ ਅਜੋਕੇ ਸਮੇਂ ਵਿੱਚ ਵੈਦਿਕ ਗਿਆਨ ਦ੍ਰਿਸ਼ਟੀ ਨਾਲ ਸਮਝਣ ਲਈ ਯਤਨ ਹੋ ਰਹੇ ਹਨ । ਅਧਿਆਤਮਿਕ ਜੀਵਨ ਵਿੱਚ ਵੇਦ**ਅੱਜ ਵੀ ਸ਼ਰਧਾ ਅਤੇ ਸਨਮਾਨ ਨਾਲ ਪੜ੍ਹੇ ਅਤੇ ਸੁਣੇ ਜਾਦੇ ਹਨ।ਇਸ ਗਿਆਨ ਦਾ ਸੰਬੰਧ ਸਮੁੱਚੀ ਮਨੁੱਖਤਾ ਨਾਲ ਹੈ ਅਤੇ ਇਹ ਗਿਆਨ **ਬਹੁ**ਪੱਖੀ ਹੈ।

ਸੰਸਕ੍ਰਿਤ ਵਿੱਚ 'ਵੇਦ' ਸ਼ਬਦ ਦਾ ਅਰਥ ਹੈ ਗਿਆਨ, ਲਾਭ ਅਤੇ ਪ੍ਰਾਪਤੀ ਆਦਿ, ਪਰੰਤੂ ਸਭ ਤੋਂ ਪ੍ਰਚਲਿਤ ਅਰਥ ਗਿਆਨ ਹੈ। ਇਹ ਸ਼ਬਦ ਕਿਸੇ ਗ੍ਰੰਥ ਦਾ ਨਹੀਂ ਬਲਕਿ ਗਿਆਨ ਦਾ ਵਾਚਕ ਹੈ, ਇਹ ਗਿਆਨ ਕਿਸੇ ਵੀ ਵਿਸ਼ੇ ਦਾ ਹੋ ਸਕਦਾ ਹੈ। ਸਮੁੱਚੇ ਭੌਤਿਕ ਅਤੇ ਅਧਿਆਤਮਕ ਵਿਸ਼ੇ ਗਿਆਨ ਦੇ ਵਿਸ਼ੇ ਹਨ।ਵੇਦਾਂ ਦਾ ਇਹ ਸ਼ੁੱਧ ਗਿਆਨ ਸਰਵ ਗਿਆਨ ਦੀ ਪ੍ਰਤੀਨਿਧਤਾ ਕਰਦਾ ਹੈ। ਮਨੁਖ ਜਾਤੀ ਦਾ ਪ੍ਰਾਚੀਨ ਇਤਿਹਾਸ, ਸਮਾਜਿਕ ਨਿਯਮ, ਸਦਾਚਾਰ, ਦਰਸ਼ਨ, ਕਲਾ, ਧਰਮ ਆਦਿ ਦੇ ਗਿਆਨ ਦਾ ਆਧਾਰ ਵੇਦ ਹੀ ਮੰਨੇ ਗਏ ਹਨ।

ਵੇਦ ਦੇ ਸਮਾਨਆਰਥਕ ਸ਼ਬਦ ਸ਼ਰੂਤੀ, ਛੰਦ ਅਗਮ ਅਤੇ ਨਿਗਮ ਆਦਿ ਵੀ ਹਨ, ਜਿਨ੍ਹਾ ਵਿਚੋਂ ਸਭ ਤੋਂ ਵੱਧ ਪ੍ਰਚਲਿਤ ਸ਼ਬਦ ਸ਼ਰੂਤੀ ਹੈ ਜਿਸਦਾ ਅਰਥ ਹੈ ਸੁਨਣਾ। ਯੱਗਾਂ ਵਿੱਚ ਮੰਤਰਾਂ ਦਾ ਉਚਾਰਣ ਹੁੰਦਾ ਸੀ ਜੋ ਕਿ ਸੁਣ ਕੇ ਅਮਲ ਵਿੱਚ ਲਿਆਦੇ ਜਾ ਸਕਦੇ ਸਨ। ਪ੍ਰਾਚੀਨ ਕਾਲ ਵਿੱਚ ਵੇਦਾਂ ਨੂੰ ਗੁਰੂ ਪ੍ਰੰਪਰਾ ਤੋਂ ਸੁਣ ਕੇ ਅਧਿਐਨ ਕੀਤਾ ਜਾਂਦਾ ਸੀ ਇਸੇ ਕਾਰਣ ਇਨ੍ਹਾਂ ਮੰਤਰਾਂ ਦਾ ਨਾਮ 'ਸ਼ਰੁਤੀ' **ਪ੍ਰਚਲਿਤ** ਹੋਇਆ। ਇਹ ਮੰਤਰ ਤਿੰਨ ਪ੍ਰਕਾਰ ਦੇ ਹਨ - ਰਿਗ, ਸਾਮ ਅਤੇ ਯਜੁਰ। ਇਸ ਲਈ ਇਨ੍ਹਾਂ ਨੂੰ 'ਤ੍ਰੇਈ' ਵੀ ਕਿਹਾ ਜਾਂਦਾ ਹੈ। ਬ੍ਰਹਮਾ, ਵਿਸਸ਼ਿਟ, ਪਰਾਸਰ, ਵੇਦਵਿਆਸ, ਜੈਮਿਨੀ, ਯਾਗਵਲਯ ਅਤੇ ਕਾਤਯਾਯਨ ਰਿਸ਼ੀ ਵੇਦਾਂ ਦੇ ਵਿਦਵਾਨ ਮੰਨੇ ਜਾਂਦੇ ਹਨ।

**ਮਹੱਤਵ:-** ਵੇਦ **ਪ੍ਰਾਚੀਨ** ਭਾਰਤੀ ਸੰਸਕ੍ਰਿਤੀ ਦਾ ਆਧਾਰ ਮੰਨੇ ਗਏ ਹਨ, ਇਹ ਪ੍ਰਾਚੀਨ ਗਿਆਨ ਅਤੇ ਵਿਗਿਆਨ ਦੇ ਸੰਦਰਭ ਕੋਸ਼ ਹਨ। ਭਾਰਤੀ ਦਰਸ਼ਨ ਅਤੇ ਪ੍ਰਾਚੀਨ ਧਰਮ ਦਾ ਆਧਾਰ ਇਹਨਾਂ ਵੇਦਾ ਵਿੱਚ ਦ੍ਰਿਸ਼ਟੀਮਾਨ ਹੈ। ਮਨੂ ਦੇ ਅਨੁਸਾਰ ਵੇਦ ਆਲੋਕਿਕ ਗ੍ਰੰਥ ਹਨ, ਜਿਹਨਾਂ ਦੀ ਉਪਯੋਗਤਾ ਦੇਵਤਾ, ਪਿੱਤਰ ਅਤੇ ਮਨੁੱਖ ਸਭ ਲਈ ਇੱਕ ਸਮਾਨ ਹੈ। ਜਿਸ ਆਲੋਕਿਕ ਰਹੱਸ ਦਾ ਗਿਆਨ ਦੇ ਕਿਸੇ ਵੀ ਹੋਰ ਸ੍ਰੋਤ ਰਾਹੀਂ ਸੰਭਵ ਨਹੀਂ ਹੋ ਸਕਦਾ, ਉਹ ਕੇਵਲ ਵੇਦਾਂ ਰਾਹੀਂ ਹੋ ਸਕਦਾ ਹੈ। ਵੇਦਾਂ ਵਿੱਚ ਹੀ ਵੇਦਾਂ ਦਾ ਮਹੱਤਵ ਦੱਸਦੇ ਹੋਏ ਕਿਹਾ ਗਿਆ ਹੈ ਕਿ ਵੇਦ ਪ੍ਰਮਾਤਮਾ ਦੇ ਪ੍ਰਾਣ ਹਨ।

ਇਹ ਵੀ ਵਰਨਣ ਹੈ ਕਿ ਪ੍ਰਮਾਤਮਾ ਨੇ ਸਭ ਤੋਂ ਪਹਿਲਾਂ ਬ੍ਰਹਮਾ ਨੂੰ ਉਤਪੰਨ ਕਰਕੇ ਲੋਕ ਸਿੱਖਿਆ ਲਈ ਵੇਦ ਦਿੱਤੇ, ਇਸੇ ਲਈ **ਇਹ ਮਨੌਤ ਘੜੀ ਗਈ ਕਿ** ਹਰ ਮਨੁੱਖ ਲਈ ਇਹਨਾਂ ਦਾ ਅਧਿਐਨ ਕਰਨਾ ਜਰੂਰੀ ਹੈ ਅਤੇ ਅਧਿਐਨ ਨਾ ਕਰਨ ਨਾਲ ਪਾਪ ਹੁੰਦਾ ਹੈ। ਜੋ ਇਹ ਅਧਿਐਨ ਨਹੀਂ ਕਰਦਾ ਉਸ ਨੂੰ ਸਵਰਗ ਦੀ ਪ੍ਰਾਪਤੀ ਨਹੀਂ ਹੁੰਦੀ।

ਪ੍ਰਾਚੀਨ ਮਾਨਤਾਵਾਂ ਅਨੁਸਾਰ ਵੇਦਾਂ ਤੋਂ ਇਲਾਵਾ ਹੋਰ ਕਿਸੇ ਕਾਵਿ ਰਚਨਾ ਨੂੰ ਪੜ੍ਹਨਾ ਜਾਂ ਸੁਣਨਾ ਪਾਪ ਹੈ, ਕਿਉਂਕਿ ਵੇਦਾਂ ਤੋਂ ਬਿਨਾਂ ਹਰੇਕ ਕਾਵਿ ਦਾ ਪ੍ਰਮਾਣ ਲੋਕਿਕ ਹੁੰਦਾ ਹੈ ਜਦਕਿ ਵੈਦਿਕ ਸ਼ਬਦਾਂ ਦੇ ਅਰਥ ਜਿਵੇਂ ਸਵਰਗ, ਦੇਵਤਾ ਆਦਿ ਦਾ ਗਿਆਨ ਆਲੌਕਿਕ ਹੈ ਅਤੇ ਇਹ ਤਪ, ਸਾਧਨਾ, ਯੋਗ ਅਤੇ ਸਮਾਧੀ ਦੁਆਰਾ ਪ੍ਰਮਾਤਮਾ ਨੂੰ ਪ੍ਰਸੰਨ ਕਰਕੇ ਹੀ ਸੰਭਵ ਹੋ ਸਕਦਾ ਹੈ।

ਰਿਸ਼ੀਆਂ ਨੂੰ 'ਮੰਤਰ ਦ੍ਰਿਸ਼ਟਾ' ਕਿਹਾ ਜਾਂਦਾ ਹੈ ਕਿਉਂਕਿ ਉਹਨਾਂ ਨੇ ਮੰਤਰਾਂ ਦੇ ਅਰਥਾਂ ਦਾ ਸਾਖਿਅਆਤਕਾਰ ਤਪ ਅਤੇ ਸਮਾਧੀ ਨਾਲ ਕੀਤਾ ਹੁੰਦਾ ਹੈ। ਰਿਸ਼ੀਆਂ ਨੂੰ ਵੇਦਾਂ ਦੇ ਅਰਥ ਦਾ ਸਖਿਆਤਕਾਰ ਆਪ ਪਰਮਾਤਮਾ ਦੁਆਰਾ ਕਰਵਾਇਆ ਜਾਂਦਾ ਹੈ।

ਭਾਰਤੀ ਦਰਸ਼ਨ ਵਿੱਚ ਵੇਦਾਂ ਨੂੰ 'ਅਪੌਰਸ਼ੀਅ' ਅਤੇ ਅਨਾਦਿ ਮੰਨਿਆ ਗਿਆ ਹੈ, ਇਹਨਾਂ ਨੂੰ ਅਨਾਦਿ ਇਸ ਲਈ ਕਿਹਾ ਹੈ ਕਿ ਵੇਦਾਂ ਦਾ ਨਿਰਮਾਤਾ ਜਾਂ ਲੇਖਕ ਕੋਈ ਮਨੁੱਖ ਨਹੀਂ ਹੈ, ਇਹਨਾਂ ਦੀ ਉਤਪਤੀ ਦੀ ਕੋਈ ਮਿਤੀ ਨਹੀਂ ਹੈ, ਵੈਦਿਕ ਸਾਹਿਤ ਵਿੱਚ ਸਵੀਕਾਰ ਕੀਤਾ ਗਿਆ ਹੈ ਕਿ ਇਹ ਮੰਤਰ ਸ੍ਰਿਸਟੀ ਰਚਨਾ ਤੋਂ ਪਹਿਲਾਂ ਵੀ ਵਿਦਮਾਨ ਸਨ ਅਤੇ ਇਹਨਾਂ ਦਾ ਵਿਨਾਸ਼ ਵੀ ਨਹੀਂ ਹੋ ਸਕਦਾ। ਰਿਸ਼ੀਆਂ ਨੂੰ ਮੰਤਰ ਦ੍ਰਿਸ਼ਟਾ (ਦੇਖਣ ਵਾਲੇ) ਕਿਹਾ ਗਿਆ ਹੈ ਰਚਣ ਵਾਲੇ ਨਹੀਂ। ਇਸੇ ਤਰ੍ਹਾਂ ਵੇਦਾਂਨੂੰ 'ਅਪੌਰਸ਼ੀਆ' ਮੰਨਿਆ ਗਿਆ ਹੈ ਭਾਵ ਇਹ ਕਿਸੇ ਪੁਰਸ਼ ਦੀ ਰਚਨਾ ਨਹੀਂ ਹਨ।

ਅਨਾਦਿ, ਅਨੰਤ ਅਤੇ ਅਪੌਰਸ਼ੀਅ ਹੋਣ ਦੇ ਨਾਲ ਨਾਲ ਵੇਦਾਂ ਨੂੰ ਸਵੈ ਪ੍ਰਮਾਣਿਤ ਵੀ ਮੰਨਿਆ ਗਿਆ ਹੈ ਭਾਵ ਵੇਦ ਆਪਣਾ ਪ੍ਰਮਾਣ ਆਪ ਹੀ ਹਨ ਜਿਸ ਤਰ੍ਹਾਂ ਪਰਮਾਤਮਾ ਸਵੈ ਭੂ, ਸਵੈ-ਪ੍ਰਕਾਸ਼ਿਤ ਅਤੇ ਸਵੈ-ਪ੍ਰਮਾਣਿਤ ਹੈ ਉਵੇਂ ਹੀ ਵੇਦ ਸਵੈ ਪ੍ਰਕਾਸ਼ਿਤ ਹਨ ਇਹ ਈਸ਼ਵਰੀ ਬਾਣੀ ਹੈ ਜਿਸਨੂੰ ਕਿਸੇ ਪ੍ਰਮਾਣ ਦੀ ਜਰੂਰਤ ਨਹੀਂ। ਸ਼ਰੂਤੀ ਗ੍ਰੰਥਾਂ (ਵੇਦਾਂ) ਨੂੰ ਸਮ੍ਰਿਤੀ ਗੰਥਾਂ ਦਾ ਆਧਾਰ ਮੰਨਿਆ ਜਾਂਦਾ ਹੈ ਇਸੇ ਲਈ ਸ਼ਰੂਤੀ ਨੂੰ ਪ੍ਰਤੱਖ ਅਤੇ ਸਮ੍ਰਿਤੀ ਗ੍ਰੰਥਾਂ ਨੂੰ ਅਨੁਮਾਨ ਵੀ ਕਿਹਾ ਜਾਂਦਾ ਹੈ। ਮਨੂ ਦੇ ਅਨੁਸਾਰ ਜੋ ਵਿਅਕਤੀ ਸ਼ਰੂਤੀ ਤੋਂ ਇਲਾਵਾ ਹੋਰ ਕਿਸੇ ਸਾਹਿਤ ਉਪਰ ਨਿਰਭਰ ਕਰਦਾ ਹੈ ਉਹ ਆਪਣੇ ਨਾਲ ਆਪਣੇ ਕੁਲ ਅਤੇ ਵੰਸ਼ ਲਈ ਵੀ ਪਾਪ ਬੀਜਦਾ ਹੈ ਅਤੇ ਉਸਦਾ ਸਾਰਾ ਕੁਲ ਸ਼ੂਦਰ ਹੋ ਜਾਂਦਾ ਹੈ।

ਵੇਦਾਂ ਦਾ ਗਿਆਨ ਉਤਮ ਹੈ, ਵੇਦਾਂ ਦਾ ਤੱਤ ਜਾਣਨ ਵਾਲਾ ਕਿਸੇ ਵੀ ਆਸ਼ਰਮ (ਜੀਵਨ ਦੇ ਚਾਰ ਪੜਾਅ) ਵਿੱਚ ਇਸ ਸੰਸਾਰ ਵਿੱਚ ਰਹਿੰਦੇ ਹੋਏ ਬ੍ਰਹਮ ਦੇ ਦਰਸ਼ਨ ਕਰ ਲੈਂਦਾ ਹੈ, ਸੋ ਇਹ ਗਿਆਨ ਪਰਮ ਪੂਜਨੀਕ ਹੈ।

ਪੌਰਾਣਿਕ ਭਾਰਤੀ ਦਰਸ਼ਨ ਦਾ ਮੂਲ ਅਧਾਰ ਹੀ ਵੇਦ ਹਨ। **ਦਾਰਸ਼ਨਿਕ ਚਿੰਤਨ ਦੇ ਅਧਾਰ ਤੇ ਵੇਦਾਂ ਦੀ ਦੋ ਹਿਸਿਆਂ ਵਿੱਚ ਵੰਡ ਕੀਤੀ ਜਾਂਦੀ ਹੈ** ।ਆਸਤਿਕ ਅਤੇ ਨਾਸਤਿਕ ਵਿੱਚ ਵੰਡਿਆ ਗਿਆ ਹੈ ਜਿਹਨਾਂ ਦਾ ਅਧਾਰ ਈਸ਼ਵਰ ਨਹੀਂ ਵੇਦ ਹਨ। ਨਾਸਤਿਕ ਉਹ ਨਹੀਂ ਜੋ ਈਸ਼ਵਰ ਨੂੰ ਨਹੀਂ ਮੰਨਦਾ ਬਲਕਿ ਨਾਸਤਿਕ ਓਹ ਹੈ ਜਿਸਦਾ ਵੇਦਾਂ ਵਿੱਚ ਵਿਸ਼ਵਾਸ਼ ਨਹੀਂ। (ਇਸ ਗੱਲ ਦਾ ਮਹੱਤਵ ਇਸਤੋਂ ਸਪੱਸ਼ਟ ਹੈ ਕਿ ਈਸ਼ਵਰ ਨੂੰ ਨਾ ਮੰਨ ਕੇ ਕੇਵਲ ਵੇਦਾਂ ਨੂੰ ਪ੍ਰਮਾਣ ਮੰਨਣ ਵਾਲਾ ਮੀਮਾਂਸਾ ਦਰਸ਼ਨ ਪਰਮ ਆਸਤਿਕ ਦਰਸ਼ਨ ਮੰਨਿਆ ਗਿਆ ਹੈ।) ਇੱਥੋ ਸਿੱਧ ਹੁੰਦਾ ਹੈ ਕਿ ਪ੍ਰਾਚੀਨ ਭਾਰਤੀ ਦਰਸ਼ਨ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਈਸ਼ਵਰ ਦਾ ਵਿਰੋਧ ਤਾਂ ਸਹਿਨ ਕੀਤਾ ਜਾਂਦਾ ਸੀ ਪ੍ਰੰਤੂ ਵੇਦਾਂ ਦਾ ਵਿਰੋਧ ਨਹੀਂ ।

ਇਸੇ ਦ੍ਰਿਸ਼ਟੀਕੋਣ ਤੇ ਬੋਧੀ, ਜੈਨੀ ਅਤੇ ਚਾਰਵਾਕ ਦਰਸ਼ਨ ਨੂੰ ਨਾਸਤਿਕ ਕਰਾਰ ਦਿੱਤਾ ਗਿਆ ਹੈ। ਭਾਰਤੀ ਦਰਸ਼ਨ ਦੇ ਛੇ ਭਾਗ ਹਨ - ਸਾਂਖ, ਯੋਗ, ਨਿਆਇ, ਵਿਸ਼ੇਸ਼ਕ, ਪੂਰਵ ਅਤੇ ਉੱਤਰ ਮੀਮਾਂਸਾਂ ਇਹ ਸਭ ਵੇਦ ਅਧਾਰਿਤ ਆਸਤਿਕ ਦਰਸ਼ਨ ਹਨ। ਸ਼ੰਕਰ ਦਾ ਅਦੈਤਵਾਦ, ਰਾਮਾਨੁਸ ਦਾ ਵਿਸ਼ਿਸ਼ਿਟ ਦ੍ਵੈਤਵਾਦ, ਮਾਧਵ ਦਾ ਦਵੈਤਵਾਦ, ਨਿੰਬਾਰਕ ਦਾ ਦਵੈਤਾ ਦ੍ਵੈਤਵਾਦ ਅਤੇ ਵੱਲਭ ਦਾ ਸ਼ਧਦ੍ਵੈਤਾਵਾਦ ਵਾਦ ਸਭ ਵੇਦ ਮੂਲਕ ਹਨ।

ਭਾਰਤੀ ਸੰਸਕ੍ਰਿਤੀ ਵੀ ਦੋ ਭਾਗਾਂ ਵਿੱਚ ਵੰਡੀ ਹੋਈ ਹੈ ਬ੍ਰਾਹਮਣ ਅਤੇ ਸ਼ਰਮਣ। ਇਹਨਾਂ ਵਿੱਚ ਅਨੇਕ ਮਤਭੇਦ ਹਨ, ਜਿਹਨਾਂ ਵਿਚੋਂ ਵਿੱਚ ਵੈਦਿਕ ਅਤੇ ਅਵੈਦਿਕ ਹੋਣਾ ਪ੍ਰਮੁੱਖ ਹੈ। ਇਸ ਤੋਂ ਇਲਾਵਾ ਭਾਰਤੀ ਸਮਾਜ ਚਾਰ

ਵਰਣਾ – ਬ੍ਰਾਹਮਣ, ਖੱਤਰੀ, ਵੈਸ਼, ਸੂਦਰ ਵਿੱਚ ਵਿਭਾਜਿਤ ਵੀ ਵੇਦਾਂ ਦੇ ਅਧਾਰ ਤੇ ਹੀ ਹੈ ਅਤੇ ਚਾਰੇ ਆਸ਼ਰਮ ਬ੍ਰਹਮਚਰਯ, ਗ੍ਰਹਿਸਤ, ਵਾਣਪ੍ਰਸਤ ਅਤੇ ਸੰਨਿਆਸ ਵੀ ਵੇਦਾਂ ਉਪਰ ਆਧਾਰਿਤ ਹਨ। ਇਸੇ ਤਰ੍ਹਾਂ ਵੈਸ਼ਨਵ, ਸੈਵ, ਸ਼ਾਕਤ ਆਦਿ ਧਰਮਾਂ ਦਾ ਆਧਾਰ ਵੀ ਵੇਦ ਹਨ।

ਪੱਛਮੀ ਦਰਸ਼ਨ ਭਾਸ਼ਾ ਦੀ ਦ੍ਰਿਸਟੀ ਤੋਂ ਵੀ ਵੇਦਾਂ ਨੂੰ ਮਹੱਤਵਪੂਰਨ ਮੰਨਦੇ ਹਨ। ਵੇਦਾਂ ਦੀ ਭਾਸ਼ਾ ਸੰਸਕ੍ਰਿਤ ਹੈ। ਮਹਾਰਿਸ਼ੀ ਯਾਸਕ ਨੇ ਨਿਰੁਕਤ ਲਿਖੇ ਸਨ ਜਿਸ ਵਿੱਚ ਵੈਦਿਕ ਮੰਤ੍ਰਾਂ ਦੇ ਸ਼ਬਦਾਂ ਦਾ ਅਧਿਐਨ ਹੈ। ਇਸ ਪ੍ਰਕਾਰ ਭਾਸ਼ਾ ਵਿਗਿਆਨ ਦੀ ਦ੍ਰਿਸ਼ਟੀ ਤੋਂ ਵੇਦਾਂ ਨੂੰ ਮਹੱਤਵਪੂਰਨ ਮੰਨਿਆ ਜਾਂਦਾ ਹੈ। ਮਾਨਤਾਵਾਂ ਅਨੁਸਾਰ ਵਿਸ਼ਵ ਸੱਭਿਅਤਾ ਦੇ ਇਤਿਹਾਸ ਵਿੱਚ ਵੇਦਾਂ ਤੋਂ ਪਹਿਲਾ ਕੋਈ ਗ੍ਰੰਥ ਉਪਲਬਧ ਨਹੀਂ ਸੀ।

ਇਸ ਸਭ ਵਰਣਨ ਤੋਂ ਸਿਧ ਹੈ ਕਿ ਹਿੰਦੂ ਜਾਤੀ ਦਾ ਸੰਪੂਰਣ ਇਤਿਹਾਸ, ਮਿਥਿਹਾਸ, ਗੌਰਵ, ਤਪ ਤਿਆਗ, ਕਲਾ, ਵਿਗਿਆਨ ਸਮਾਜ ਵਿਵਸਥਾ, ਰਾਜਨੀਤੀ ਆਦਿ ਸਭ ਕੁਝ ਜਾਣਨ ਦਾ **ਮੁਢੱਲਾ** ਸ੍ਰੋਤ ਵੇਦ ਮੰਨੇ ਜਾਂਦੇ ਹਨ।

**ਪਰਿਭਾਸ਼ਾ:** ਵੇਦ ਦੀਆਂ ਅਨੇਕ ਪਰਿਭਾਸਾਵਾਂ ਉਪਲਬਧ ਹਨ, ਸਭ ਤੋਂ ਵੱਧ ਮਾਨਤਾ ਅਨੁਸਾਰ ਵੇਦ ਦਾ ਮਤਲਬ ਹੈ 'ਮੰਤਰ ਅਤੇ ਬ੍ਰਾਹਮਣ' ਮੰਤਰ ਅਤੇ ਬ੍ਰਾਹਮਣ ਵੇਦ ਦੇ ਦੋ ਭਾਗ ਹਨ ਅਤੇ ਦੋਵੇਂ ਹੀ ਵੇਦ ਹਨ।

ਮੰਤਰ ਦਾ ਸੰਬੰਧ 'ਮਨਨ' ਕਰਨ ਨਾਲ ਹੈ ਯਾਨੀ ਜਿਸ ਮਨਨ ਦੁਆਰਾ ਦੇਵਤਿਆਂ ਦੀ ਉਸਤਤੀ ਦਾ ਵਿਧਾਨ ਹੋਵੇ ਉਹੀ ਮੰਤਰ ਹੈ। ਇਹਨਾਂ ਮੰਤਰਾਂ ਦੇ ਸਮੂਹ ਨੂੰ ਸੰਘਿਤਾ ਕਿਹਾ ਜਾਂਦਾ ਹੈ – ਰਿਗ, ਯਜੁਰ, ਸਾਮ ਅਤੇ ਅਥਰਵ ਅਤੇ ਇਹ ਨਾਂ ਸੰਘਿਤਾਵਾਂ ਦੇ ਵਿਖਿਆਨ ਨੂੰ ਬ੍ਰਾਹਮਣ ਕਿਹਾ ਜਾਂਦਾ ਹੈ। ਬ੍ਰਾਹਮਣ ਜਿਸ ਧਾਤੂ ਸ਼ਬਦ ਤੋਂ ਬਣਿਆ ਹੈ ਉਸਦਾ ਅਰਥ ਹੈ – ਵਰਨਣ ਜਾਂ ਵਿਸਤਾਰ ਕਰਨਾ। ਸੋ ਮੰਤਰਾਂ ਦਾ ਵਰਨਣ ਕਰਨ ਵਾਲਾ ਬ੍ਰਾਹਮਣ ਹੈ।ਸਮੁੱਚੇ ਬ੍ਰਾਹਮਣ ਗ੍ਰੰਥ ਮੰਤਰਾਂ ਦੇ ਆਧਾਰ ਉਪਰ ਲਿਖੇ ਗਏ ਹਨ। ਇਸੇ ਲਈ ਬ੍ਰਾਹਮਣ ਗ੍ਰੰਥਾਂ ਨੂੰ ਮੰਤਰਾਂ ਦੇ ਭਾਸ਼ ਵੀ ਕਿਹਾ ਜਾਂਦਾ ਹੈ। ਇਸੇ ਲਈ ਕੋਈ ਵੀ ਮੰਤਰ ਜਾਂ ਸੰਘਿਤਾ ਅਜਿਹੀ ਨਹੀਂ ਜਿਸਦਾ ਕੋਈ ਬ੍ਰਾਹਮਣ ਗ੍ਰੰਥ ਨਾ ਹੋਵੇ। ਪ੍ਰਮੁੱਖ ਰੂਪ ਵਿੱਚ ਏਤਰੀਆਂ, ਕੌਸੀਤਕ, ਤਾਂਡੀਅ, ਤੈਤਰੀਅ, ਸਤਪਥ ਅਤੇ ਗੋਪਥ ਆਦਿ ਬ੍ਰਾਹਮਣ ਗ੍ਰੰਥ ਪ੍ਰਚਲਿਤ ਹਨ। ਇਹਨਾਂ ਗ੍ਰੰਥਾਂ ਵਿੱਚ ਯੱਗ ਸੰਬੰਧੀ ਵਿਸਤ੍ਰਿਤ ਵਿਆਖਿਆਨ ਹਨ। ਕਈ ਵੈਦਿਕ ਵਿਦਵਾਨਾਂ ਦਾ ਮੰਨਣਾ ਹੈ ਕਿ ਬ੍ਰਾਹਮਣ ਗ੍ਰੰਥ ਰਿਸੀਆਂ ਦੁਆਰਾ ਰਚਿਤ ਹਨ ਅਤੇ ਮੰਤਰ ਈਸ਼ਵਰੀ ਰਚਨਾ। ਬ੍ਰਾਹਮਣ ਗ੍ਰੰਥਾਂ ਨੂੰ ਕੇਵਲ ਔਪਚਾਰਿਕ ਰੂਪ ਵਿੱਚ ਵੇਦ ਮੰਨਿਆ ਜਾ ਸਕਦਾ ਹੈ। ਇਸ ਤਰ੍ਹਾਂ ਭਾਰਤੀ ਵਿਦਵਾਨਾਂ ਵਿੱਚ ਕੁਝ ਮਤਭੇਦ ਵੀ ਹਨ। ਪਰੰਤੂ ਆਚਾਰੀਆ ਦਯਾਨੰਦ ਆਦਿ ਕੇਵਲ ਮੰਤਰਾਂ ਨੂੰ ਹੀ ਵੇਦ ਮੰਨਦੇ ਹਨ।
(ਵੈਦਿਕ ਸਾਹਿਤ : ਰਾਮ ਗੋਵਿੰਦ ਤ੍ਰਿਵੇਦੀ ਪੰਨਾ-8)

**ਵੇਦਾਂ ਦਾ ਰਚਨਾ ਕਾਲ**- ਵੇਦਾਂ ਦਾ ਰਚਨਾ ਕਾਲ ਤੈਅ ਕਰਨ ਬਹੁਤ ਕਠਿਨ ਕਾਰਜ ਹੈ, ਕਿਉਂਕਿ ਕਾਲ ਦਾ ਨਿਰਣਾ ਇਤਿਹਾਸਕ ਦ੍ਰਿਸ਼ਟੀ ਤੋਂ ਹੋ ਸਕਦਾ ਹੈ, ਪ੍ਰੰਤੂ ਵੇਦਾਂ ਬਾਰੇ ਪ੍ਰਚਲਿਤ ਧਾਰਣਾ ਅਨੁਸਾਰ ਇਹ ਅਨਾਦੀ ਅਤੇ ਅਨੰਤ ਹਨ ਸੋ ਅਨੰਤ ਅਤੇ ਅਸ਼ੀਮ ਨੂੰ ਕਾਲ ਦੀ ਸੀਮਾ ਵਿੱਚ ਨਹੀਂ ਬੰਨਿਆ ਜਾ ਸਕਦਾ। ਭਾਰਤੀ ਵਿਦਵਾਨਾਂ ਦਾ ਮਤ ਤਾਂ ਇਹ ਹੈ ਕਿ ਵੇਦ ਉਤਨੇ ਹੀ ਪੌਰਾਣਿਕ ਹਨ ਜਿਤਨੀ ਕਿ ਸ਼੍ਰਿਸ਼ਟੀ। ਪ੍ਰੰਤੂ ਪੱਛਮੀ ਵਿਦਵਾਨਾਂ ਨੇ ਇਸਨੂੰ ਕੁਝ ਕਾਲ ਸੀਮਾ ਵਿੱਚ ਬੰਨਣ ਦਾ ਯਤਨ ਕੀਤਾ ਹੈ ਜਿਹਨਾਂ ਵਿੱਚੋਂ ਕੁਝ ਦੇ ਮਤ ਹੇਠ ਲਿਖੇ ਅਨੁਸਾਰ ਹਨ –

ਪੱਛਮੀ ਵਿਦਵਾਨ ਬੇਬਰ ਅਨੁਸਾਰ ਸਭ ਤੋਂ ਪੁਰਾਣੀ ਸਭਿਅਤਾ ਵੈਦਿਕ ਨਹੀਂ ਮਿਸਰ ਹੈ ਅਤੇ ਮੈਕਸਮੂਲਰ ਅਨੁਸਾਰ ਵੇਦ ਹੀ ਵਿਸ਼ਵ ਦੇ ਸਭ ਤੋਂ ਪ੍ਰਾਚੀਨ ਗ੍ਰੰਥ ਹਨ ਜਿਹਨਾਂ ਦੀ ਰਚਨਾ 1200 ਬਿਕਰਮੀ ਪੂਰਵ ਮੰਨੀ ਹੈ ਉਸ ਅਨੁਸਾਰ ਮਹਾਤਮਾ ਬੁੱਧ ਨੇ ਵੈਦਿਕ ਯੱਗਾਂ ਦੀ ਖੰਡਨਾ ਕੀਤੀ ਹੈ ਅਤੇ ਬੁੱਧ ਦਾ ਸਮਾਂ ਬਿਕਰਮੀ ਤੋਂ 500 ਬਿਕਰਮੀ ਪੂਰਵ ਮੰਨਿਆ ਜਾਂਦਾ ਹੈ ਭਾਵ ਰਿਗਵੇਦ ਦਾ ਸਮਾਂ ਲਗਭਗ 1200 ਬ੍ਰਿਕਰਮੀ ਪੂਰਵ ਬਣਦਾ ਹੈ ਅਤੇ

ਵੈਦਿਕ ਯੁਗ ਦੇ ਅਨੁਸਾਰ ਹਰੇਕ ਯੁਗ 200 ਸਾਲ ਦਾ ਹੈ - ਛੰਦਕਾਲ, ਮੰਤਰਕਾਲ, ਬ੍ਰਾਹਮਣਕਾਲ ਅਤੇ ਸੂਤਰਕਾਲ। ਜਿਹਨਾਂ ਵਿੱਚੋਂ ਸਭ ਤੋਂ ਪਹਿਲੇ ਰਿਗਵੇਦ ਦਾ ਕਾਲ ਇੱਕ ਹਜ਼ਾਰ ਜਾਂ 1200 ਬਿਕਰਮੀ ਪੂਰਵ ਹੈ। ਪਰੰਤੂ ਡਾ ਯਾਕੋਬੀ ਅਤੇ ਬਿਊਲਰ ਆਦਿ ਵਿਦਵਾਨ ਇਸ ਲੇਖੇ ਜੋਖੇ ਨੂੰ ਨਹੀਂ ਸਵੀਕਾਰਦੇ।

ਇੱਕ ਹੋਰ ਮਤ ਅਨੁਸਾਰ ਆਰੀਆ ਲੋਕ ਸਿੰਧੂ ਘਾਟੀ ਦੇ ਤੱਟ ਤੇ ਯੱਗ ਕਰਦੇ ਸਨ ਅਤੇ ਰਿਗਵੇਦ ਦੇ ਕਈ ਮੰਤਰਾਂ ਵਿੱਚ ਸਰਸਵਤੀ ਅਤੇ ਸ਼ਤੋਦਰੀ ਨਦੀਆਂ ਦਾ ਵਰਨਣ ਹੈ। ਇੱਕ ਹੋਰ ਮੰਤਰ ਵਿੱਚ 7 ਸਮੁੰਦਰਾਂ ਦਾ ਵਰਨਣ ਹੈ ਜਿਸਤੋਂ ਸਪਸ਼ਟ ਹੈ ਕਿ ਆਰੀਆਂ ਦੇਸ਼ ਚਾਰੇ ਪਾਸਿਉ ਸਮੁੰਦਰ ਨਾਲ ਘਿਰਿਆ ਸੀ ਸੋ ਸਿੱਟਾ ਇਹ ਨਿਕਲਦਾ ਹੈ ਕਿ ਰਿਗਵੇਦ ਦੀ ਰਚਨਾ ਈਸਾ ਤੋਂ ਲਗਭਗ ਪੱਚੀ ਹਜ਼ਾਰ ਸਾਲ ਪਹਿਲਾਂ ਹੋਈ ਸੀ। ਇਸ ਤੋਂ ਇਲਾਵਾ ਯਕੋਬੀ ਅਤੇ ਲੋਕਮਾਨਯ ਤਿਲਕ ਆਦਿ ਨੇ ਜੋਤਿਸ਼ ਦੇ ਆਧਾਰ ਤੇ ਵੇਦਾਂ ਦਾ ਰਚਨਾਕਾਲ 3000 ਤੋਂ 6000 ਬਿਕਰਮੀ ਪੂਰਵ ਤੱਕ ਅਨੁਮਾਨਿਆ ਹੈ। ਪ੍ਰੰਤੂ ਇਹਨਾਂ ਸਭ ਰਚਨਾ ਕਾਲਾਂ ਦੀ ਕੋਈ ਸਰਵ ਪ੍ਰਭਾਵਿਤ ਧਾਰਨਾ ਅਕੇ ਤੱਕ ਨਹੀਂ ਬਣ ਸਕੀ।

**ਵੇਦਾਂ ਦੀ ਸੰਖਿਆ –** ਇੱਕ ਪ੍ਰਚਲਿਤ ਮਾਨਤਾ ਅਨੁਸਾਰ ਵੇਦ ਪਹਿਲਾਂ ਇਕੱਠੇ ਹੀ ਸਨ ਪਰ ਵਿਆਸ ਰਿਸ਼ੀ ਨੇ ਅਧਿਐਨ ਦਾ ਸਰਲਤਾ ਨੂੰ ਮੁੱਖ ਰੱਖਦੇ ਹੋਏ ਇਹਨਾਂ ਨੂੰ ਭਾਗਾਂ ਵਿਚ ਵੰਡਿਆ ਹੈ। ਇਸੇ ਕਾਰਨ ਉਹਨਾਂ ਦਾ ਨਾਮ ਕ੍ਰਿਸ਼ਨ- ਦਵੈਪਾਯਨ ਤੋਂ ਬਦਲ ਕੇ 'ਵੇਦ ਵਿਆਸ' ਪ੍ਰਚਲਿਤ ਹੋਇਆ ਹੈ।ਉਹਨਾਂ ਨੇ ਇਹ ਗਿਆਨ ਆਪਣੇ **ਪੰਜ ਵਿਦਿਆਰਥੀਆਂ** ਸੁਮੰਤੂ, ਜੈਮਿਨੀ, ਪੈਲ, ਸ਼ੁਕ ਅਤੇ ਵੈਸ਼ੰਪਾਯਨ ਨੂੰ ਦਿੱਤਾ।

ਵੇਦਵਾਣੀ ਦੇ ਪ੍ਰਮੁੱਖ ਰੂਪ ਵਿੱਚ ਤਿੰਨ ਭਾਗ ਕੀਤੇ ਜਾ ਸਕਦੇ ਹਨ :

1. ਸੰਘਿਤਾ ਭਾਗ
2. ਬ੍ਰਾਹਮਣ ਭਾਗ
3. ਆਰਣਯਕ ਭਾਗ

ਪਹਿਲੇ ਭਾਗ ਵਿੱਚ ਦੇਵਤਿਆਂ ਦੀਆਂ ਪ੍ਰਾਰਥਨਾਵਾਂ, ਭਗਤੀ ਭਜਨ ਅਤੇ ਤੰਤਰ ਮੰਤਰ ਹਨ ਜੋ ਕਿ ਕਾਵਿ ਰਚਨਾ ਹੈ।ਦੂਜੇ ਭਾਗ ਵਿੱਚ ਧਰਮ ਸੰਬੰਧੀ ਖਾਸ ਤੌਰ ਤੇ ਯੱਗ ਸੰਬੰਧੀ ਮਰਿਆਦਾ ਅਤੇ ਕਰਮਕਾਂਡ ਬਾਰੇ ਵਾਰਤਕ ਰਚਨਾਵਾਂ ਹਨ।

ਇਹਨਾਂ ਗ੍ਰੰਥਾਂ ਵਿਚ ਪ੍ਰਮੁੱਖ ਯੱਗ ਅਤੇ ਉਹਨਾਂ ਨੂੰ ਕਰਨ ਦਾ ਵਿਧੀ ਵਿਧਾਨ ਹੈ। ਪ੍ਰਮੁੱਖ ਯੱਗ ਹੇਠ ਲਿਖੇ ਹਨ - ਪੂਰਵਮਾਸ ਯੱਗ, ਚਤੁਰਮਾਸ ਯੱਗ, ਸੋਮਯੱਗ, ਵਾਜਪੇਯ ਯੱਗ, ਰਾਜਸੂਯ ਯੱਗ, ਅਸ਼ਵਮੇਧ ਯੱਗ ਆਦਿ। ਇਸਤੋਂ ਇਲਾਵਾ ਬ੍ਰਾਹਮਣ ਗ੍ਰੰਥਾਂ ਵਿੱਚ ਬਲੀ ਦੀ ਮਹਾਨਤਾ ਦਾ ਵੀ ਵਰਨਣ ਹੈ। ਕਈ ਬਲੀਆਂ ਦੀ ਪ੍ਰਥਾ ਪਿਛੇ ਕਈ ਤਰ੍ਹਾਂ ਦੇ ਵਿਵਾਦ ਵੀ ਹਨ। ਕਈ ਗ੍ਰੰਥਾਂ ਵਿੱਚ ਕੇਵਲ ਬਨਸਪਤੀ ਨੂੰ ਹੀ ਬਲੀਦਾਨ ਯੋਗ ਕਿਹਾ ਗਿਆ ਹੈ।ਜਿਵੇਂ ਸਤਪਥ ਬ੍ਰਾਹਮਣ ਗ੍ਰੰਥ, ਪੰਤੂ ਅਸ਼ਵਮੇਧ ਯੱਗ ਆਦਿ ਵਿੱਚ ਪਸੂ ਬਲੀ ਦਾ ਵੀ ਵਿਧਾਨ ਹੈ।

ਆਰਣਯਕ ਦਾ ਅਰਥ ਹੁੰਦਾ ਹੈ - ਜੰਗਲ। ਇਹਨਾਂ ਗ੍ਰੰਥਾਂ ਵਿੱਚ ਬਾਣਪ੍ਰਸਥ ਜੀਵਨ ਸੰਬੰਧੀ ਹਦਾਇਤਾਂ ਹਨ। ਤਪ, ਸਾਧਨਾ, ਈਸ਼ਵਰ, ਜਗਤ, ਮਨੁਖ ਆਦਿ ਵਿਸ਼ਿਆ ਉਪਰ ਤਪੱਸਵੀਆਂ ਦੇ ਵਿਚਾਰ ਅੰਕਿਤ ਹਨ।

ਬ੍ਰਾਹਮਣ ਗ੍ਰੰਥਾਂ ਦਾ ਪ੍ਰਮੁੱਖ ਵਿਸ਼ਾ ਯੱਗ ਹਨ ਪ੍ਰੰਤੂ ਆਰਣਯਕ ਗ੍ਰੰਥ ਦਾ ਵਿਸ਼ਾ ਅਧਿਆਤਮਕ ਤੱਤ ਹੈ। ਇਹਨਾਂ ਵਿੱਚ ਦਾਰਸ਼ਨਿਕ ਵਿਚਾਰਾਂ ਨੂੰ ਜਿਆਦਾ ਮਹੱਤਵ ਦਿੱਤਾ ਗਿਆ ਹੈ। ਪ੍ਰੰਤੂ ਇਹ ਦੋਵੇ ਸਾਹਿਤ ਇੱਕ ਦੂਜੇ ਦਾ ਵਿਰੋਧ ਨਹੀਂ ਕਰਦੇ ਜਿਵੇਂ ਬ੍ਰਾਹਮਣ ਗ੍ਰੰਥਾਂ ਵਿੱਚ ਦਾਰਸ਼ਨਿਕ ਪੱਖ ਵੀ ਹਨ ਅਤੇ ਆਰਣਯਕ ਗ੍ਰੰਥ ਵੀ ਯੱਗ ਅਤੇ ਕਰਮਕਾਂਡ ਦਾ ਪੂਰਨ ਵਿਰੋਧ ਨਹੀਂ ਕਰਦੇ।

ਸੰਘਿਤਾ ਭਾਗ ਵਿੱਚ ਆਮਤੌਰ ਤੇ ਚਾਰ ਵੇਦ ਮੰਨੇ ਜਾਂਦੇ ਹਨ ਪ੍ਰੰਤੂ ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਵੇਦ ਤਿੰਨ ਹਨ (ਵੇਦਤ੍ਰਈ) ਅਤੇ ਉਹ ਅਥਰਵ ਵੇਦ ਨੂੰ ਨਹੀਂ ਮੰਨਦੇ।

ਰਿਗਵੇਦ ਦੇ ਹੀ ਇੱਕ ਮੰਤਰ ਵਿੱਚ ਵਰਨਣ ਹੈ ਕਿ ਵੇਦ ਚਾਰ ਹਨ ਅਤੇ ਪਰਮੇਸ਼ਰ ਨੇ ਆਪ ਰਿਗ, ਯਜੁਰ ਅਤੇ ਸਾਮ ਦਾ ਨਿਰਮਾਣ ਕੀਤਾ ਹੈ। ਚਾਰ ਵੇਦਾਂ ਦਾ ਸੰਬੰਧ ਯੱਗਾਂ ਨਾਲ ਹੈ। ਯੱਗ ਕਰਨ ਸਮੇਂ ਚਾਰ ਰਿਸ਼ੀਆਂ ਦੀ ਜਰੂਰਤ ਹੁੰਦੀ ਹੈ। ਜੋ ਕਿ ਹੇਠ ਲਿਖੇ ਹਨ

ਹੋਤਾ – ਇਹ ਰਿਗਵੇਦ ਹੈ ਜੋ ਮੰਤਰਾਂ ਦਾ ਉਚਾਰਣ ਕਰਦੇ ਹੋਏ ਯਗ ਕਰਦਾ ਹੈ।

ਉਦਗਾਤਾ – ਇਹ ਸਾਮਵੇਦ ਹੈ ਜੋ ਮੰਤਰ ਜਾਪ ਦੇ ਨਾਲ ਕਰਮਕਾਂਡ ਕਰਦਾ ਹੈ।

ਆਥਰਵ੍ – ਇਹ ਯਜੁਰਵੇਦ ਹੈ ਜੋ ਵਿਆਖਿਆ ਕਰਦਾ ਹੋਇਆ ਸਖਤ ਨਿਯਮਾਂ ਦਾ ਪਾਲਣ ਕਰਦਾ ਹੋਇਆ ਦੇਵਤਿਆਂ ਨੂੰ ਭੇਟ ਚੜਾਉਂਦਾ ਹੈ।

ਬ੍ਰਹਮਾ – ਇਹ ਸੰਪੂਰਣ ਯੱਗ ਦਾ ਨਿਗਰਾਨ ਮੰਨਿਆ ਜਾਂਦਾ ਹੈ ਇਸ ਦਾ ਕੰਮ ਸੰਪੂਰਣ ਯੱਗ ਦੀ ਰੱਖਿਆ ਕਰਨਾ ਹੈ ਅਤੇ ਲੜੀਵਾਰ ਰਿਗਵੇਦ – ਹੋਤਾ, ਸਾਮਵੇਦ – ਉਦਗਾਤਾ, ਯਜੁਰਵੇਦ – ਅਥਰਵ ਅ਼ਤੇ ਅਯੁਰਵੇਦ ਬ੍ਰਹਮਾ ਦਾ ਪ੍ਰਤੀਕ ਮੰਨੇ ਗਏ ਹਨ।

**ਬਣਤਰ – ਰਿਗਵੇਦ ਸਭ ਤੋਂ ਪਹਿਲਾ ਵੇਦ ਮੰਨਿਆ ਜਾਂਦਾ ਹੈ ਇਸ ਵੇਦ ਦੇ ਮੰਤਰਾਂ ਨੂੰ ਰਿਚਾਵਾਂ ਕਿਹਾ ਜਾਂਦਾ ਹੈ ਇਸ ਵਿੱਚ ਮੰਤਰਾਂ ਦੀ ਗਿਣਤੀ ਸਭ ਤੋਂ ਵੱਧ ਹੈ ਅਤੇ ਵਿਸ਼ੇ ਵਸਤੂ ਵੀ ਵੱਧ ਮਹੱਤਵਪੂਰਨ ਮੰਨੇ ਜਾਂਦੇ ਹਨ । ਅਧਿਐਨ ਪਖੋਂ ਇਸ ਦਾ ਵਿਭਾਜਨ ਦੋ ਪ੍ਰਕਾਰ ਨਾਲ ਕੀਤਾ ਜਾਂਦਾ ਹੈ । ਇਕ ਅਨੁਸਾਰ ਇਸ ਵਿੱਚ ਅੱਠ ਅਸ਼ਟਕ ਹਨ ਅਤੇ ਹਰੇਕ ਅਸ਼ਟਕ ਵਿੱਚ ਅਧਿਆਇ, ਵਰਗ ਅਤੇ ਮੰਤਰ ਹਨ । ਦੂਜਾ ਵਿਭਾਜਨ ਜ਼ਿਆਦਾ ਪ੍ਰਚਲਿਤ ਹੈ ਅਤੇ ਇਸ ਅਨੁਸਾਰ ਇਸ ਵਿੱਚ ਦਸ ਮੰਡਲ ਹਨ । ਜਿਸ ਵਿੱਚ ਅਗੋਂ ਸੂਕਤ ਅਤੇ ਸੂਕਤਾਂ ਵਿੱਚ ਮੰਤਰ ਹਨ ।**

**ਦੂਸਰਾ ਵੇਦ ਸਾਮਵੇਦ ਹੈ ਜੋ ਕਿ ਮੰਤਰਾਂ ਦੀ ਗਿਣਤੀ ਦੇ ਅਧਾਰ ਤੇ ਸਭ ਤੋਂ ਛੋਟਾ ਹੈ । ਅਧਿਐਨ ਲਈ ਇਸ ਦੇ ਵੀ ਦੋ ਭਾਗ ਕੀਤੇ ਗਏ ਹਨ – ਪੂਰਵਾਰਚਿਕ ਅਤੇ ਉਤੱਰਾਰਚਿਕ, ਜੋ ਕਿ ਅਗੇ ਅਧਿਆਇਆਂ ਵਿੱਚ ਵੰਡੇ ਹੋਏ ਹਨ । ਪਹਿਲੇ ਭਾਗ ਵਿੱਚ ਛੇ ਅਧਿਆਇ ਅਤੇ ਦੂਜੇ ਵਿੱਚ ਬਾਈ, ਹਰੇਕ ਅਧਿਆਇ ਅਗੇ ਖੰਡਾਂ ਅਤੇ ਕਾਂਡਾ ਵਿੱਚ ਵਿਭਾਜਿਤ ਹੈ । ਇਹਨਾਂ ਦੇ ਕਾਂਡਾਂ ਨੂੰ ਪਰਵ ਵੀ ਕਿਹਾ ਜਾਂਦਾ ਹੈ ।**

**ਯਜੁਰਵੇਦ, ਰਿਗਵੇਦ ਤੋਂ ਬਾਅਦ ਮਹੱਤਵਪੂਰਨ ਵੇਦ ਮੰਨਿਆ ਜਾਂਦਾ ਹੈ ਇਸ ਦੇ ਦੋ ਭਾਗਾਂ, ਸ਼ੁਕਲ ਯਜੁਰਵੇਦ ਅਤੇ ਕ੍ਰਿਸ਼ਣ ਯਜੁਰਵੇਦ ਵਿੱਚੋ ਸ਼ੁਕਲ ਯਜੁਰਵੇਦ ਜ਼ਿਆਦਾ ਮਹਤੱਵਪੂਰਨ ਮੰਨਿਆ ਗਿਆ ਹੈ, ਜਿਸ ਵਿੱਚ ਚਾਲੀ ਅਧਿਆਇ ਹਨ ਅਤੇ ਕੁਝ ਖਾਸ ਬਹੁਤ ਪ੍ਰਚਲਿਤ ਹਨ । ਇਸ ਵੇਦ ਨੂੰ ਯੱਗ ਪ੍ਰਧਾਨ ਵੇਦ ਕਿਹਾ ਜਾਂਦਾ ਹੈ । ਇਸ ਦੇ ਮੰਤਰਾਂ ਦਾ ਸਬੰਧ ਰਿਸ਼ੀਆ ਅਤੇ ਦੇਵਤਿਆਂ ਨਾਲ ਹੈ ।**

**ਅਥਰਵੇਦ ਮੰਤਰਾਂ ਦੀ ਗਿਣਤੀ ਦੇ ਅਨੁਸਾਰ ਰਿਗਵੇਦ ਤੋਂ ਬਾਅਦ ਦੂਜਾ ਵੱਡ ਆਕਾਰੀ ਗ੍ਰੰਥ ਹੈ । ਇਸ ਦਾ ਨਾਮ ਬ੍ਰਹਮਾਂ ਜੀ ਦੇ ਪੁਤੱਰ ਅਥਰਵਾ ਦੇ ਨਾਮ ਤੇ ਰਖਿੱਆ ਮੰਨਿਆ ਜਾਂਦਾ ਹੈ । ਇਸ ਵਿੱਚ ਤਕਰੀਬਨ ਛੇ ਹਜਾਰ ਮੰਤਰ ਹਨ, ਜੋ ਕਿ ਕਾਂਡਾਂ ਵਿੱਚ ਵਿਭਾਜਿਤ ਹਨ। ਕਾਂਡ ਅਗੋਂ ਸੂਕਤ ਅਤੇ ਮੰਤਰਾਂ ਅਨੁਸਾਰ ਹਨ ।**

**ਰਿਗਵੇਦ :**

ਰਿਗਵੇਦ ਦੇ ਕੁਝ ਦਸ ਮੰਡਲ ਹਨ ਇੱਕ ਮੰਡਲ ਨੂੰ ਇੱਕ ਪੁਸਤਕ ਵਾਂਗ ਸਮਝਿਆ ਜਾ ਸਕਦਾ ਹੈ। ਦਸ ਮੰਡਲਾਂ ਵਿੱਚ 1028 ਭਜਨ ਰਚੇ ਗਏ ਹਨ। ਇਹਨਾਂ ਦਸ ਮੰਡਲਾਂ ਵਿੱਚੋਂ ਦੂਜੇ ਤੋਂ ਲੈ ਕੇ ਸਤਵੇਂ ਤੱਕ ਦੀਆਂ ਰਚਨਾਵਾਂ ਬਾਕੀਆਂ ਨਾਲੋਂ ਪੁਰਾਤਨ ਹਨ। ਦਸ ਮੰਡਲਾਂ ਕਾਰਨ ਇਸ ਨੂੰ 'ਦਸਤਈ' ਵੀ ਕਿਹਾ ਜਾਂਦਾ ਹੈ। ਹਰੇਕ ਮੰਡਲ ਵਿੱਚ ਅਨੁਵਾਕ, ਅਨੁਵਾਕ ਵਿੱਚ ਸੂਕਤ ਅਤੇ ਸੂਕਤਾਂ ਵਿੱਚ ਮੰਤਰ ਹਨ। ਕਾਤਯਾਇਨ ਰਿਸ਼ੀ ਅਨੁਸਾਰ ਇਹਨਾਂ

ਮੰਡਲਾਂ ਵਿੱਚ 85 ਅਨੁਵਾਕ ਅਤੇ 1017 ਸੂਕਤ ਹਨ। ਇਸ ਤੇ ਇਲਾਵਾ ਸੂਕਤ ਨੂੰ 'ਖਿੱਲ' ਵੀ ਕਿਹਾ ਜਾਂਦਾ ਹੈ। ਮੰਤਰਾਂ ਦੇ ਸ਼ਬਦਾਂ ਦੀ ਸੰਖਿਆ1,53,824 ਅਤੇ 4 ਲੱਖ 32 ਹਜ਼ਾਰ ਅੱਖਰ ਹਨ। ਅੰਦਾਜ਼ਨ ਹਰ ਮੰਤਰ ਵਿੱਚ ਪੰਦਰਾਂ ਸ਼ਬਦ ਅਤੇ ਹਰ ਸ਼ਬਦ ਵਿੱਚ ਔਸਤਨ ਤਿੰਨ ਅੱਖਰ ਹਨ।

ਵਿਸ਼ਵ ਪ੍ਰਸਿੱਧ ਗਾਇਤ੍ਰੀ ਮੰਤਰ ਇਸੇ ਵੇਦ ਵਿਚ ਸ਼ਾਮਿਲ ਹੈ ਇਸ ਤੋਂ ਇਲਾਵਾ ਇਸ ਵਿਚ ਮਹਾਂਮ੍ਰਿਤੂਜਯ ਮੰਤਰ, ਸ੍ਰੀ ਸੂਕਤ, ਨਾਸਦੀਆ ਸੂਕਤ, ਹਿਰਣਗਰਭ ਸੂਕਤ ਆਦਿ ਪ੍ਰਸਿੱਧ ਰਚਨਾਵਾਂ ਹਨ। ਨਾਸਦੀਯ ਸੂਕਤ ਵਿੱਚ ਬ੍ਰਹਿਮੰਡ ਦੇ ਬਾਰੇ ਵਿਚ ਕਈ ਸਟੀਕ ਤੱਥ ਦਿਤੇ ਗਏ ਹਨ ਜਿਸ ਕਾਰਣ ਇਹ ਦੁਨੀਆਭਰ ਵਿਚ ਕਾਫੀ ਪ੍ਰਸਿੱਧ ਹੈ। ਇਸ ਸੂਕਤ ਦਾ ਰਚਣਹਾਰਾ ਰਿਸ਼ੀ ਪਰਜਾਪਤੀ ਪਰਮੇਸ਼ਠੀ ਹੈ ਅਤੇ ਇਸ ਸੂਕਤ ਦਾ ਦੇਵਤਾ ਸੂਰਜ ਹੈ।

ਇਸ ਤੋਂ ਇਲਾਵਾ 33 ਕਰੋੜ ਦੇਵੀ ਦੇਵਤਿਆਂ ਦੀ ਉਪਾਸਨਾ ਲਈ ਮੰਤਰ ਹਨ ਜਿਹਨਾਂ ਵਿਚੋਂ ਇੰਦਰ ਦੀ ਮਾਨਤਾ ਸਭ ਤੋਂ ਜ਼ਿਆਦਾ ਹੈ। ਹੋਰ ਦੇਵਤੇ ਅਗਨੀ, ਵਾਯੂ, ਵਰੁਣ, ਅਸ਼ਵਿਨੀ ਕੁਮਾਰ, ਸਰਸਵਤੀ, ਮਾਰੂਤ, ਲੋਮ, ਪ੍ਰਿਥਵੀ ਆਦਿ ਵੀ ਪ੍ਰਸਿੱਧ ਹਨ। ਇਸ ਦੇ ਨਾਲ ਇਸ ਵੇਦ ਵਿਚ ਤਕਰੀਬਨ 30 ਨਦੀਆਂ ਦਾ ਵੀ ਉਲੇਖ ਹੈ। ਜਿਹਨਾਂ ਵਿਚੋਂ ਸਭ ਤੋਂ ਵੱਧ ਮਹੱਤਵਪੂਰਣ ਸਿੰਧੂ ਨਦੀ ਹੈ ਅਤੇ ਸਭ ਤੋਂ ਵੱਧ ਪਵਿੱਤਰ ਸਰਸਵਤੀ ਨਦੀ ਹੈ।

ਰਿਗਵੇਦ ਦੇ ਸੂਕਤਾਂ ਦੇ ਰਚਇਤਾਂ ਰਿਸ਼ੀਆਂ ਵਿਚੋਂ ਪ੍ਰਮੁੱਖ ਵਿਸ਼ਵਾ ਮਿਤਰ, ਵਾਮਦੇਵ, ਅਤਰੀ, ਭਾਰਦਵਾਜ, ਵਸ਼ਿਸ਼ਟ ਆਦਿ ਅਤੇ ਇਸਤਰੀ ਰਿਸ਼ੀਆਂ ਵਿਚੋਂ ਲੋਪਾ ਮੁਦਰਾ, ਘੋਸ਼ਾ, ਸੂਚੀ, ਪੋਲੋਮੀ ਆਦਿ ਪ੍ਰਮੁੱਖ ਹਨ। ਵੇਦਾਂ ਵਿੱਚ ਮਿਲਾਵਟ ਨੂੰ ਰੋਕਣ ਲਈ ਰਿਸ਼ੀਆਂ ਨੇ ਸ਼ਬਦਾਂ ਅਤੇ ਅੱਖਰਾਂ ਦੀ ਗਿਣਤੀ ਲਿਖੀ ਸੀ।

ਰਿਗਵੇਦ ਉਪਰ ਕਈ ਭਾਸ਼ ਲਿਖੇ ਗਏ ਹਨ ਸਭ ਤੋਂ ਪ੍ਰਾਚੀਨ ਭਾਸ਼ ਆਚਾਰੀਆ 'ਸਾਯਨ' ਦਾ ਹੈ, ਜੋ ਕਿ ਚਾਰਾਂ ਵੇਦਾਂ ਲਈ ਉਪਲਬਧ ਹੈ। ਸਾਯਨ ਤੋਂ ਪਹਿਲਾਂ ਪ੍ਰਾਪਤ ਭਾਸ਼ ਗੂੜ੍ਹ ਭਾਸ਼ਾ ਵਿਚ ਸਨ (ਜਿਵੇਂ ਯਾਸਕ ਦਾ ਭਾਸ਼ ਆਦਿ) ਇਸ ਤੋਂ ਇਲਾਵਾ ਸਕੰਦ ਸੁਆਮੀ, ਮਾਧਵ ਭੱਟ, ਵੈਕਟ ਮਾਧਵ, ਆਨੰਦ ਤੀਰਥ, ਆਤਮਾ ਨੰਦ ਆਦਿ ਰਿਸ਼ੀਆਂ ਦੇ ਭਾਸ਼ ਵੀ ਉਪਲਬਧ ਹਨ।

ਆਧੁਨਿਕ ਕਾਲ ਵਿਚ ਦਯਾਨੰਦ ਸਰਸਵਤੀ ਨੇ 'ਰਿਗਵੇਦਾਦਿਭਾਸ਼ ਭੂਮਿਕਾ' ਦੀ ਰਚਨਾ ਕੀਤੀ ਸੀ ਜਿਸ ਦਾ ਸਰਲ ਹਿੰਦੀ ਅਨੁਵਾਦ ਪੰਡਿਤ ਗੁਰੂਦਤ ਵਿਦਿਆਰਥੀ ਨੇ ਕੀਤਾ। ਇਸ ਤੋਂ ਇਲਾਵਾ ਉਹਨਾਂ ਨੇ ਅੰਧਵਿਸ਼ਵਾਸ ਨੂੰ ਮਿਟਾਉਣ ਲਈ ਅਤੇ ਸੱਚੀ ਵਿਦਿਆ ਘਰ ਘਰ ਪਹੁੰਚਾਉਣ ਲਈ ਉਹਨਾਂ ਨੇ 'ਸਤਿਆਰਥ ਪ੍ਰਕਾਸ਼' ਨਾਮਕ ਗ੍ਰੰਥ ਵੀ ਲਿਖਿਆ ਸੀ।ਵਿਦਵਾਨਾਂ ਅਨੁਸਾਰ ਰਿਗਵੇਦ 3500 ਤੋਂ ਵੱਧ ਸਾਲ ਪੁਰਾਣਾ ਹੈ।

ਪ੍ਰਾਚੀਨਤਮ ਗ੍ਰੰਥ ਹੋਣ ਕਾਰਨ ਇਸਨੂੰ ਵਿਸ਼ਵ ਸਾਹਿਤ ਦਾ ਪ੍ਰਥਮ ਗ੍ਰੰਥ ਹੋਣ ਦਾ ਮਾਣ ਪ੍ਰਾਪਤ ਹੈ। ਚਾਰ ਵੇਦਾਂ ਵਿਚੋਂ ਇਹ ਸਭ ਤੋਂ ਲੰਮੇਰੀ ਸੰਗਿਤਾ ਹੈ। ਭਾਸ਼ਾ ਅਤੇ ਛੰਦ ਦੀ ਦ੍ਰਿਸ਼ਟੀ ਤੋਂ ਵੀ ਇਹ ਗ੍ਰੰਥ ਪ੍ਰਾਚੀਨ ਮੰਨਿਆ ਗਿਆ ਹੈ। ਸਰਲਤਾ ਲਈ ਇਸਦਾ ਵਿਭਾਜਨ ਦੋ ਪ੍ਰਕਾਰ ਨਾਲ ਕੀਤਾ ਗਿਆ ਹੈ - ਅਸ਼ਟਕ ਕ੍ਰਮ ਅਤੇ ਮੰਡਲ ਕ੍ਰਮ। ਅਸ਼ਟਕ ਕ੍ਰਮ ਅਨੁਸਾਰ ਇਸ ਨੂੰ ਅੱਠ ਭਾਗਾਂ (ਅਧਿਆਇ) ਵਿਚ ਅਤੇ ਮੰਡਲਾਂ ਅਨੁਸਾਰ ਦਸ ਭਾਗਾਂ ਵਿਚ ਵੰਡਿਆ ਗਿਆ ਹੈ।

**ਸਾਮਵੇਦ :**

ਸਾਮਵੇਦ ਗੀਤ ਪ੍ਰਧਾਨ ਵੇਦ ਹੈ ਸਾਮ ਦਾ ਅਰਥ ਹੈ-ਗਾਇਨ। ਆਕਾਰ ਵਜੋਂ ਇਹ ਸਭ ਤੋਂ ਛੋਟਾ ਵੇਦ ਹੈ। ਕੁਝ ਮੰਤਰਾਂ ਨੂੰ ਛੱਡ ਕੇ ਸਾਰੇ ਮੰਤਰ ਰਿਗਵੇਦ ਦੇ ਹਨ। ਬੇਸ਼ਕ ਇਹ ਵੇਦ ਆਕਾਰ ਵਿਚ ਛੋਟਾ ਹੈ ਪਰੰਤੂ ਇਸਨੂੰ ਸਭ ਵੇਦਾਂ ਦੇ ਸਾਰ ਰੂਪ ਵਿਚ ਸਮਝਿਆ ਜਾਂਦਾ ਹੈ ਅਤੇ ਸਭ ਵੇਦਾਂ ਦੇ ਅੰਸ਼ ਇਸ ਵਿਚ ਮੌਜੂਦ ਹਨ। ਇਸਦੇ ਦੋ ਭਾਗ ਹਨ-ਆਰਚਿਕ ਅਤੇ ਗਾਯਨ।

ਸਾਮਵੇਦ ਗਿਆਨਯੋਗ, ਕਰਮਯੋਗ ਅਤੇ ਭਗਤੀਯੋਗ ਨਾਲ ਭਰਪੂਰ ਹੈ। ਇਸਨੂੰ ਰਚਣ ਵਾਲੇ ਰਿਸ਼ੀਆਂ ਨੇ ਵਿਸ਼ੇਸ਼ ਮੰਤਰਾਂ ਦੇ ਸੰਕਲਨ ਨਾਲ ਗਾਇਨ ਦੀ ਪੱਧਤੀ ਲਈ ਇਸਦਾ ਸੰਕਲਨ ਕੀਤਾ ਹੈ। ਆਧੁਨਿਕ ਵਿਦਵਾਨ ਵੀ ਇਸ ਤੱਥ ਨਾਲ ਸਹਿਮਤ ਹਨ ਕਿ ਗਾਇਨ ਦੇ ਸਮੁੱਚੇ ਸੁਰ, ਤਾਲ, ਛੰਦ, ਮੰਤਰ, ਭਾਵ, ਮੁਦਰਾ ਆਦਿ ਸਾਮਵੇਦ ਤੋਂ ਹੀ ਨਿਕਲੇ ਹਨ। ਯੱਗ, ਹਵਨ, ਪੂਜਾ ਆਦਿ ਕਰਦੇ ਸਮੇਂ ਇਹਨਾਂ ਮੰਤਰਾਂ ਦਾ ਗਾਇਨ ਕੀਤਾ ਜਾਂਦਾ ਹੈ। ਸਾਮਵੇਦ ਦੀਆਂ ਤਿੰਨ ਪ੍ਰਮੁੱਖ ਸ਼ਾਖਾਵਾਂ ਹਨ-ਕੌਥੁਮੀਯ, ਜੈਮਿਨੀਯ ਅਤੇ ਗਣਾਯਨੀਯ। ਸਾਮਵੇਦ ਦਾ ਪ੍ਰਮੁੱਖ ਦੇਵਤਾ ਸੂਰਜ ਹੈ, ਜਿਆਦਾਤਰ ਮੰਤਰ ਸੂਰਤਾ ਦੀ ਉਸਤਤੀ ਲਈ ਹਨ ਇਸਦੇ ਨਾਲ ਇੰਦਰ ਅਤੇ ਸੋਮ ਦਾ ਵੀ ਵਰਨਣ ਮਿਲਦਾ ਹੈ। ਇਸ ਵੇਦ ਦਾ ਪਹਿਲਾ ਦ੍ਰਿਸ਼ਟਾ ਰਿਸ਼ੀ ਵੇਦ ਵਿਆਸ ਦੇ ਵਿਦਿਆਰਥੀ 'ਜੈਮਿਨੀ' ਨੂੰ ਮੰਨਿਆ ਜਾਂਦਾ ਹੈ।

**ਯਜੁਰਵੇਦ :**

ਮੰਤਰਾਂ ਦੇ ਇਸ ਸੰਕਲਨ ਵਿਚ ਯੱਗ ਦੀ ਪ੍ਰਕ੍ਰਿਆ ਪੂਰਨ ਕਰਨ ਲਈ ਗਦ ਅਤੇ ਪਦ ਵਿਚ ਮੰਤਰ ਹਨ ਇਹ ਆਮ ਤੌਰ ਤੇ ਰਿਗਵੇਦ ਤੋਂ ਬਾਅਦ ਦੂਜਾ ਮਹੱਤਵਪੂਰਣ ਵੇਦ ਮੰਨਿਆ ਜਾਂਦਾ ਹੈ। ਇਸ ਵਿਚ ਵੀ ਬਹੁਤਾਤ ਰਿਗਵੇਦ ਦੇ ਹੀ ਮੰਤਰ ਸ਼ਾਮਿਲ ਹਨ।ਭਾਰਤ ਵਿੱਚ ਇਸ ਦੇ ਪ੍ਰਮੁੱਖ ਭਾਗ ਪ੍ਰਚਲਿਤ ਹਨ - ਦੱਖਣ ਭਾਰਤ ਵਿਚ ਕ੍ਰਿਸ਼ਨ ਯਜੁਰਵੇਦ ਅਤੇ ਉਤਰ ਭਾਰਤ ਵਿਚ ਸ਼ੁਕਲ ਯਜੁਰਵੇਦ । ਸ਼ੁਕਲ ਯਜੁਰਵੇਦ ਦੀ ਮਾਨਤਾ ਕ੍ਰਿਸ਼ਨ ਯਜੁਰਵੇਦ ਨਾਲੋਂ ਵਧੇਰੇ ਕੀਤੀ ਜਾਂਦੀ ਹੈ। ਇਸ ਵੇਦ ਦੀ ਰਚਨਾ ਕੁਰੂਕਸ਼ੇਤਰ ਵਿਚ ਹੋਈ ਮੰਨੀ ਜਾਂਦੀ ਹੈ। ਯਜੁਸ ਦਾ ਮਤਲਬ ਹੈ ਸਮਰਪਣ। ਇਸ ਵੇਦ ਵਿਚ ਯੱਗਾਂ ਦੇ ਨਿਯਮ ਅਤੇ ਵਿਧਾਨ ਹਨ ਇਸਲਈ ਗ੍ਰੰਥ ਕਰਮਕਾਂਡ ਪ੍ਰਧਾਨ ਹੈ। ਇਸ ਵਿਚ ਅਸ਼ਵਮੇਖ, ਵਾਜਪੇਯ, ਸੋਮਯੋਗ, ਰਾਜਸੂਯ ਯੱਗ ਆਦਿ ਦਾ ਵਰਨਣ ਹੈ। ਇਸ ਗ੍ਰੰਥ ਵਿਚ ਆਰੀਆ ਲੋਕਾਂ ਦੇ ਸਮਾਜਿਕ ਅਤੇ ਧਾਰਮਿਕ ਜੀਵਨ ਬਾਰੇ ਜਾਣਕਾਰੀ ਉਪਲਬਧ ਹੈ। ਉਸ ਸਮੇਂ ਦੇ ਪ੍ਰਚਲਿਤ ਵਰਣ ਵਿਵਸਥਾ ਬਾਰੇ ਵੀ ਉਲੇਖ ਹੈ।

ਗਾਇਤ੍ਰੀ ਮੰਤਰ ਅਤੇ ਮਹਾਂਮ੍ਰਿਤਜਯੂ ਮੰਤਰ ਇਸ ਵੇਦ ਵਿਚ ਵੀ ਸ਼ਾਮਿਲ ਹਨ ਇਸ ਵੇਦ ਦੇ ਪ੍ਰਮੁੱਖ ਭਾਸ਼ਕਾਰ ਰਿਸ਼ੀ ਉਵਟ ਅਤੇ ਮਹੀਧਰ ਮੰਨੇ ਜਾਂਦੇ ਹਨ। ਸ਼ੰਕਰਾਚੀਆ ਵਲੋਂ ਚਲਾਈ ਗਈ ਸ਼ਿਗੋਰੀ ਸ਼ਾਰਦਾ ਪੀਠ ਦੇ ਵਿਦਵਾਨਾਂ ਨੇ ਵੀ ਯਜੁਰਵੇਦ ਦੇ ਮਹੱਤਵਪੂਰਣ ਭਾਸ਼ ਲਿਖੇ ਹਨ।

ਮਹਾਰਿਸ਼ੀ ਪਤੰਜਲੀ ਨੇ ਯਜੁਰਵੇਦ ਦੇ 101 ਸ਼ਾਖਾਵਾਂ ਦਾ ਵਰਨਣ ਕੀਤਾ ਹੈ ਜਿਹਨਾਂ ਵਿਚੋਂ ਕੇਵਲ ਵਾਜਸਦੇਯ, ਤੈਤਰੀਯ, ਕਠ ਅਤੇ ਮੈਤ੍ਰੀ ਹੀ ਉਪਲਬਧ ਹਨ।

ਸ਼ੁਕਲ ਦੀਆਂ ਅੱਗੇ ਕਈ ਸ਼ਾਖਾਵਾਂ ਹੋਈਆਂ ਜਿਹਨਾਂ ਵਿਚੋਂ ਜਬਾਲੀ, ਤਾਪਨੀਆ, ਗਾਰਵੀ, ਮਧਯੰਦਿਨੀ, ਕਾਣਵੀ, ਕਾਧਾਲੀ ਅਤੇ ਵੈਨੇਆ ਆਦਿ ਪ੍ਰਸਿੱਧ ਹਨ।ਸਭ ਵਿਚੋਂ ਮਧਯੰਦਿਨੀ ਦਾ ਰੂਪ ਸਭ ਤੋਂ ਸ਼ੁੱਧ ਰੂਪ ਸਵੀਕਾਰ ਕੀਤਾ ਗਿਆ ਹੈ।

ਇਸ ਵੇਦ ਦੇ ਮੰਤਰ ਦਿਸ਼ਟਾ ਰਿਸ਼ੀ ਹਨ - ਪ੍ਰਜਾਪਤੀ, ਵਿਸ਼ਵਦੇਵ, ਭਾਰਦਵਾਜ, ਸਿੰਧੂ ਦੀਪ, ਮੁਧਦੰਦਾ, ਵਿਸ਼ਵਾਮਿਤਰ, ਕੁੱਤਸ, ਅਗਸਤ, ਗਾਰਗੀ, ਵਾਮਦੇਯ, ਕਸ਼ਾਯਪ, ਵਸ਼ਿਸ਼ਟ ਗੌਤਮ ਅਤੇ ਵਰੁਣ।

ਇਸ ਵੇਦ ਦੇ ਮੰਤਰ ਆਸ਼ਾਵਾਦੀ ਹਨ ਕਿਉਂਕਿ ਯੱਗ ਕਰਨ ਵਾਲੇ ਦੀ ਆਸ਼ਾ ਹੈ ਕਿ ਯੱਗ ਹੋਣ ਤੋਂ ਬਾਅਦ ਕੀਤੀਆਂ ਗਈਆਂ ਪ੍ਰਾਥਨਾਵਾਂ ਮਨਜੂਰ ਹੋ ਜਾਣਗੀਆਂ ਅਤੇ ਇਹ ਯੋਗ ਸਭ ਦੇ ਭਲੇ ਲਈ ਵੀ ਕੀਤੇ ਜਾਂਦੇ ਸਨ ਜਿਵੇਂ ਮੀਂਹ ਪਵਾਉਣ ਲਈ, ਹਵਾ ਸ਼ੁੱਧ ਕਰਨ ਲਈ, ਸੂਰਜ ਦੀਆਂ ਕਿਰਨਾਂ ਮਿਲਨ, ਸੋ ਯੱਗ ਤਾਂ ਸਮਰਥ ਲੋਕ ਕਰਦੇ ਸਨ ਅਤੇ ਇਸਦਾ ਲਾਭ ਸਭ ਨੂੰ ਹੁੰਦਾ ਸੀ।

**ਅਥਰਵ ਵੇਦ :**

ਇਸ ਵੇਦ ਦੀ ਵੱਖਰੀ ਅਤੇ ਨਵੇਕਲੀ ਪਛਾਣ ਹੈ ਇਸ ਵਿਚ ਦੇਵਤਿਆਂ ਦੀ ਉਸਤਤੀ ਦੇ ਨਾਲ

ਚਿਕਿਤਸਾ, ਵਿਗਿਆਨ, ਦਰਸ਼ਨ ਆਦਿ ਦੇ ਮੰਤਰ ਵੀ ਸ਼ਾਮਿਲ ਹਨ। ਇਸ ਵੇਦ ਦੇ ਦ੍ਰਿਸ਼ਟਾਂ ਸ੍ਰੀ ਅਥਰਵ ਹਨ। ਭੂਗੋਲ, ਖਗੋਲ, ਵਨਸਪਤੀ, ਅਯੁਰਵੇਦ, ਅਰਥ ਸ਼ਾਸਤਰ, ਰਾਜਨੀਤੀ ਆਦਿ **ਵਿਭਿੰਨ ਵਿਸ਼ਿਆ** ਦੀ ਜਾਣਕਾਰੀ ਇਸ ਗ੍ਰੰਥ ਵਿਚ ਮੌਜੂਦ ਹੈ ਥਰਵ ਦਾ ਅਰਥ ਹੈ ਹਿੰਸਾ, ਅਤਿਆਚਾਰ ਆਦਿ ਪਰੰਤੂ ਅ-ਥਰਵ ਦਾ ਅਰਥ ਹੈ ਅਹਿੰਸਾ, ਪਾਪ ਦਾ ਨਾਸ਼, ਸਾਜ਼ਸ਼ ਦਾ ਖਾਤਮਾ ਆਦਿ। ਵਿਸ਼ੇ ਦੇ ਆਧਾਰ ਤੋਂ ਇਸ ਗ੍ਰੰਥ ਵਿਚ ਮਨੁੱਖੀ ਜੀਵਨ ਨੂੰ ਸੁਖਮਈ ਬਣਾਉਣ ਦੇ ਸਾਧਨਾਂ ਦਾ ਵਰਨਣ ਹੈ। ਜਿਵੇਂ ਦੂਜੇ ਤਿੰਨ ਵੇਦ ਪਰਲੋਕ ਦੇ ਸੁਖ ਦੀ ਕਾਮਨਾ ਕਰਦੇ ਹਨ ਅਥਰਵ ਵੇਦ ਇਸ ਜੀਵਨ ਨੂੰ ਸੰਵਾਰਨ ਲਈ ਵਰਤੇ ਜਾਣ ਵਾਲੇ ਸਾਧਨਾਂ ਦਾ ਸੰਗ੍ਰਿਹ ਹੈ। ਭਾਸ਼ਾ ਅਤੇ ਸਰੂਪ ਦੇ ਆਧਾਰ ਤੇ ਇਹ ਵੇਦ ਸਭ ਤੋਂ ਬਾਅਦ ਦੀ ਰਚਨਾ ਪ੍ਰਤੀਤ ਹੁੰਦਾ ਹੈ। ਧਰਮ ਦੇ ਇਤਿਹਾਸ ਦੀ ਦ੍ਰਿਸ਼ਟੀ ਤੋਂ ਰਿਗ ਅਤੇ ਅਥਰਵਵੇਦ ਦੋਹਵੇਂ ਹੀ ਸੂਝਵਾਨ ਹਨ।

ਅਥਰਵ ਵੇਦ ਦੈਨਿਕ ਜੀਵਨ ਨਾਲ ਜੁੜੇ ਤਾਂਤਰਿਕ ਧਾਰਮਿਕ ਸਰੋਕਾਰਾਂ ਨੂੰ ਬਿਆਨ ਕਰਦਾ ਹੈ ਜਦਕਿ ਰਿਗਵੇਦ ਆਦਿ ਵਿਚ ਦੇਵਤਿਆਂ ਦੀ ਉਸਤਤੀ ਗਾਥਾ ਹੈ। ਇਸ ਵੇਦ ਦਾ ਲਗਭਗ ਪੰਜਵਾਂ ਹਿੱਸਾ ਰਿਗਵੇਦ ਚੋਂ ਲਿਆ ਗਿਆ ਹੈ। ਇਸ ਵੇਦ ਵਿਚ ਜਾਦੂ ਟੂਣਿਆਂ ਰਾਹੀਂ ਸੰਸਾਰਕ ਸੁਖ ਪ੍ਰਾਪਤ ਕਰਨ ਦੀਆਂ ਵਿਧੀਆਂ ਦਸੀਆਂ ਗਈਆਂ ਹਨ। ਇਸ ਅਨੁਸਾਰ ਜਾਦੂ ਸ਼ੋਭਣ ਅਤੇ ਅਸ਼ੋਭਣ ਦੋ ਕਿਸਮ ਦਾ ਹੁੰਦਾ ਹੈ ਸ਼ੋਭਣ ਜਾਦੂ ਸਵੈ ਰੱਖਿਆ ਲਈ ਹੁੰਦਾ ਹੈ ਅਤੇ ਅਸ਼ੋਭਣ ਜਾਂ ਕਾਲਾ ਜਾਦੂ ਦੁਸ਼ਮਣ ਨੂੰ ਨਾਸ਼ ਕਰਨ ਵਾਸਤੇ ਵਰਤਿਆ ਜਾ ਸਕਦਾ ਹੈ। ਇਸ ਵੇਦ ਵਿਚ ਕਈ ਤਰ੍ਹਾਂ ਦੀ ਬਿਮਾਰੀਆਂ, ਉਹਨਾਂ ਦੇ ਕਾਰਨਾਂ ਅਤੇ ਇਲਾਜਾਂ ਦਾ ਵਿਸਤ੍ਰਿਤ ਵੇਰਵਾ ਹੈ।

ਅਥਰਵਵੇਦ ਨੂੰ ਸਮਾਜ ਲਈ ਕਲਿਆਣਕਾਰੀ ਹੋਣ ਕਾਰਨ ਰਿਗਵੇਦ ਦਾ ਪੂਰਕ ਵੀ ਮੰਨਿਆ ਜਾਂਦਾ ਹੈ ਪਰੰਤੂ ਪੁਰੋਹਿਤ ਵਰਗ ਇਸਨੂੰ ਯੱਗਾਂ ਅਤੇ ਦੇਵਤਿਆਂ ਨੂੰ ਅਣਗੌਲਿਆ ਕਰਨ ਲਈ ਤਿੰਨ ਵੇਦਾਂ ਦੇ ਬਰਾਬਰ ਨਹੀਂ ਮੰਨਦਾ ਸੀ। ਇਸ ਦੇ ਕੁਝ ਹੋਰ ਨਾਮ ਵੀ ਪ੍ਰਚਲਿਤ ਹਨ ਜਿਵੇਂ ਗੋਪਥ ਬ੍ਰਾਹਮਣ ਗ੍ਰੰਥ ਇਸਨੂੰ ਅਥਰਵਾਗੀਰਸ ਕਹਿੰਦਾ ਹੈ, ਬ੍ਰਹਮ ਵਿਸ਼ੇ ਤੇ ਆਧਾਰਿਤ ਹੋਣ ਕਾਰਣ 'ਬ੍ਰਹਮਾਵੇਦ' ਵੀ ਕਹਿੰਦੇ ਹਨ ਅਤੇ ਪ੍ਰਿਥਵੀ ਸੂਕਤ ਇਸ ਦਾ ਮਹੱਤਵਪੂਰਣ ਸੂਕਤ ਹੈ, ਸੋ ਇਸਨੂੰ 'ਮਹੀਵੇਦ' ਵੀ ਕਹਿੰਦੇ ਹਨ।

**ਵਿਸ਼ਾ ਵਸਤੂ :**

ਸੰਘਿਤਾਵਾਂ ਮੰਤਰਾਂ ਦਾ ਸੰਕਲਨ ਹਨ ਜਿਹਨਾਂ ਦਾ ਪ੍ਰਮੁੱਖ ਮੰਤਵ ਦੇਵਤਿਆਂ ਦੀ ਗੁਣਗਾਣ ਹੈ। ਮੰਤਰ ਦੇਵਤਿਆਂ ਦੇ ਸਮਾਰਕ ਦੇ ਤੌਰ ਤੇ ਸਮਝੇ ਜਾਂਦੇ ਹਨ ਜਿਹਨਾਂ ਵਿੱਚ ਦੇਵਤਿਆਂ ਦੀ ਪ੍ਰਸੰਸਾ ਅਤੇ ਪ੍ਰਾਰਥਨਾਵਾਂ ਹਨ। ਮੰਤਰ ਅਜਿਹੇ ਸ਼ਬਦਾਂ ਦਾ ਸੰਗ੍ਰਿਹ ਹੁੰਦਾ ਹੈ ਜਿਸ ਵਿਚ ਕੋਈ ਰਹੱਸਾਤਮਕ ਗਿਆਨ ਦਿੱਤਾ ਗਿਆ ਹੁੰਦਾ ਹੈ। ਇਸ ਤੋਂ ਸਪਸ਼ਟ ਹੈ ਕਿ ਵੇਦਾਂ ਦਾ ਪ੍ਰਮੁੱਖ ਕੇਂਦਰ ਦੇਵਤੇ ਹਨ ਅਤੇ ਇਹਨਾਂ ਮੰਤਰਾਂ ਵਿੱਚ ਦੇਵਤਿਆਂ ਦੇ ਸਰੂਪ ਅਤੇ ਕਾਰਜ ਪ੍ਰਣਾਲੀ ਉਪਰ ਚਾਨਣਾ ਪਾਇਆ ਗਿਆ ਹੈ। ਵੇਦ ਦੇ ਛੇ ਅੰਗ - ਸ਼ਿਕਸ਼ਾ, ਕਲਪ, ਵਿਆਕਰਣ, ਛੰਦ, ਜੋਤਿਸ਼, ਚਾਰ ਸੰਗਿਤਾਵਾਂ ਅਤੇ ਚਾਰ ਉਪਵੇਦ, ਆਯੁਰਵੇਦ, ਧਨੁਰਵੇਦ, ਗਾਧਰਵ ਵੇਦ ਅਤੇ ਅਰਥਵੇਦ ਸਭ ਇਹਨਾਂ ਦੇਵਤਿਆਂ ਰਾਹੀਂ ਬ੍ਰਹਮ ਦੀ ਉਸਤਤੀ ਨਾਲ ਭਰਪੂਰ ਮੰਤਰਾਂ ਨਾਲ ਭਰੇ ਹਨ। ਮੰਤਰਾਂ ਦਾ ਅਰਥ ਸਮਝਣ ਲਈ ਛੰਦ, ਰਿਸ਼ੀ, ਦੇਵਤਾ ਅਤੇ ਦੇਵਤਿਆਂ ਪ੍ਰਤੀ ਬੇਨਤੀਆਂ ਦਾ ਗਿਆਨ ਹੋਣਾ ਜਰੂਰੀ ਹੈ। ਇਸ ਗਿਆਨ ਤੋਂ ਬਿਨਾਂ ਵੇਦਾਂ ਨੂੰ ਪੜਨਾ ਅਤੇ ਸਮਝਣਾ ਪਾਪ ਦੇ ਸਮਾਨ ਮੰਨਿਆ ਗਿਆ ਹੈ।

ਦੇਵਤਾ ਗਿਆਨ ਨੂੰ ਵੇਦ ਗਿਆਨ ਪ੍ਰਾਪਤ ਕਰਨ ਦੀ ਕੁੰਜੀ ਮੰਨਿਆ ਗਿਆ ਹੈ। ਦੇਵਤਾ 'ਦਿਵਯ' ਧਾਤੂ ਤੋਂ ਬਣਿਆ ਸ਼ਬਦ ਹੈ ਜਿਸਦਾ ਅਰਥ ਹੈ 'ਪ੍ਰਕਾਸ਼' ਅਰਥਾਤ ਪ੍ਰਕਾਸ਼ਮਾਨ ਪ੍ਰਾਣੀ ਨੂੰ ਹੀ ਦੇਵਤਾ ਮੰਨਿਆ ਜਾ ਸਕਦਾ ਹੈ। ਦੇਵਤਿਆਂ ਦੀ ਗਿਣਤੀ ਨੂੰ ਲੈਕੇ ਅਨੇਕ ਵਾਦ ਵਿਵਾਦ ਹਨ। ਤੇਤੀ ਕਰੋੜ ਦੇਤਤਿਆਂ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡ ਕੇ ਸਮਝਿਆ ਜਾਂਦਾ ਹੈ। ਮਹਾਂਰਿਸ਼ੀ ਯਾਸਕ ਅਨੁਸਾਰ ਇਹਨਾਂ ਤੋਂ ਇਲਾਵਾ ਇੱਕ ਮਹਾਂਦੇਵਤਾ (ਪ੍ਰਮਾਤਮਾ) ਵੀ ਹੈ ਅਤੇ ਜੋ ਮਹਾਸ਼ਕਤੀਸ਼ਾਲੀ ਹੋਣ ਕਾਰਣ ਈਸ਼ਵਰ ਕਿਹਾ ਜਾਂਦਾ ਹੈ। ਰਿਸ਼ੀ ਅਨੁਸਾਰ ਸਭ ਦੇਵਤੇ ਉਸ ਇੱਕ ਈਸ਼ਵਰ ਦੀਆਂ ਵਿਭਿੰਨ ਸ਼ਕਤੀਆਂ ਦੇ ਹੀ ਪ੍ਰਤੀਕ ਹਨ। ਕਈ ਮੰਤਰਾਂ ਵਿੱਚ ਅਗਨੀ,

ਇੰਦਰ, ਸੂਰਜ ਆਦਿ ਦੀ ਪ੍ਰਸੰਸਾ ਪਰਮਾਤਮਾ ਰੂਪ ਵਿੱਚ ਕੀਤੀ ਮਿਲਦੀ ਹੈ। ਇਹਨਾਂ ਅਨੁਸਾਰ ਇਹ ਸਭ ਪਰਮਾਤਮਾ ਦੇ ਹੀ ਸਭ ਨਾਮ ਹਨ।

ਸੰਖੇਪ ਵਿੱਚ ਵੈਦਿਕ ਦੇਵਤਿਆਂਨੂੰ ਸਮਝਣ ਲਈ ਦੋ ਸਿਧਾਂਤਾਂ ਅਨੁਸਾਰ ਵੰਡਿਆਂ ਗਿਆ ਹੈ:-

**ਅਨੇਕਈਸ਼ਵਰਵਾਦ ਅਤੇ ਏਕਈਸ਼ਵਰਵਾਦ**

**ਅਨੇਕਈਸ਼ਵਰਵਾਦ** -ਇਹ ਦੇਵਤਿਆਂ ਦਾ ਮੁੱਢਲਾ ਸਰੂਪ ਹੈ। ਸਭ ਤੋਂ ਪਹਿਲਾਂ ਪ੍ਰਾਕ੍ਰਿਤਕ ਸ਼ਕਤੀਆਂ ਨੂੰ ਦੇਵਤਾ ਮੰਨਿਆ ਗਿਆ, ਰਿਸ਼ੀਆਂ ਅਨੁਸਾਰ ਭੌਤਿਕ ਜਗਤ ਨੂੰ ਚਲਾਉਣ ਵਾਲੇ ਦੇਵਤਾ ਹੀ ਹਨ ਅਤੇ ਕਿਉਂਕਿ ਇਹ ਸ਼ਕਤੀਆਂ ਅਨੇਕ ਹਨ ਇਸੇ ਲਈ ਦੇਵਤਾ ਵੀ ਅਨੇਕ ਹਨ।

**ਏਕਈਸ਼ਵਰਵਾਦ** – ਕਾਂਲਾਂਤਰ ਵਿੱਚ ਵੈਦਿਕ ਰਿਸ਼ੀਆਂ ਨੇ ਅਨੇਕ ਦੇਵਤਿਆਂ ਵਿੱਚ ਇੱਕ ਪ੍ਰਧਾਨ ਰੂਪ ਦੇਵਤੇ ਦਾ ਸੰਕਲਪ ਦੀ ਕਲਪਨਾ ਕੀਤੀ। ਜੋ ਕਿ ਪਰਮਾਤਮਾ ਰੂਪ ਵਿੱਚ ਦੇਖੀ ਗਈ। ਅਨੇਕ ਮੰਤਰਾਂ ਵਿੱਚ ਦੱਸਿਆ ਗਿਆ ਹੈ ਕਿ ਇੱਕ ਹੀ ਸਤਿ ਨੂੰ ਅਨੇਕ ਰੂਪਾਂ ਵਿੱਚ ਚਿਤਾਰਿਆ ਗਿਆ ਹੈ। ਜੋ ਕੁਝ ਹੈ, ਜੋ ਕੁਝ ਸੀ ਅਤੇ ਜੋ ਕੁਝ ਹੋਣਾ ਹੈ ਸਭ ਇਕ ਹੀ ਹੈ। ਸੋ ਸਮੁੱਚੇ ਦੇਵਤਾ ਉਸ ਇੱਕ ਵਿਸ਼ਵ ਆਤਮਾ ਦੇ ਅੰਗ ਹਨ। ਵੇਦਾਂ ਦੇ ਰਿਸ਼ੀ ਭਾਵੇਂ ਅਨੇਕ ਦੇਵਤਿਆਂ ਦੀ ਉਸਤਤੀ ਕਰਦੇ ਦਿਖਾਈ ਦਿੰਦੇ ਹਨ ਪਰ ਉਹਨਾਂ ਨੂੰ ਮੂਲ ਅਧਿਆਤਮਕ ਸੱਤਾ ਦੀ ਇਕਰੂਪਤਾ ਦਾ ਵੀ ਗਿਆਨ ਸੀ ਇਸੇ ਲਈ ਉਹ ਕਦੇ-ਕਦੇ ਇਸ ਵੱਲ ਸੰਕੇਤ ਵੀ ਕਰਦੇ ਸਨ। **ਇਸ ਦਾ ਮਤਲਬ ਇਹ ਹੈ ਕਿ ਤੱਤ ਮੀਮਾਂਸਾ ਦੀ ਦ੍ਰਿਸ਼ਟੀ ਨਾਲ ਵੇਦਾਂ ਵਿੱਚ ਇਕ ਸਤਵਾਦ, ਬ੍ਰਹਮਵਾਦ, ਇਕਤੱਤਵਾਦ, ਇਕ ਆਤਮਵਾਦ ਜਾਂ ਇਕ ਈਸ਼ਵਰਵਾਦ ਹੀ ਹੈ ਪਰੰਤੂ ਯਗ ਆਦਿ ਕਰਮ ਦੇ ਅਧਾਰ ਤੇ ਵੇਦਾਂ ਵਿੱਚ ਅਨੇਕ ਦੇਵਵਾਦ ਜਾਂ ਅਨੇਕਈਸ਼ਵਰਵਾਦ ਦਿਖਾਈ ਦਿੰਦਾ ਹੈ ।**ਇਸੇ ਲਈ ਵੇਦਾਂ ਵਿਚ ਏਕ ਈਸ਼ਵਰਵਾਦ ਅਤੇ ਅਨੇਕ ਈਸ਼ਵਰਵਾਦ ਦੋਹਾਂ ਨਾਲ ਸੰਬੰਧਿਤ ਵਿਸ਼ਿਆਂ ਦਾ ਵਿਵੇਚਨ ਹੈ।

**ਵੈਦਿਕ ਦੇਵਤਾ – ਦੇਵਤਾ ਦਾ ਅਰਥ ਹੈ- ਦਾਤਾ, ਪ੍ਰੇਰਕ ਜਾਂ ਗਿਆਨ ਪ੍ਰਦਾਤਾ । ਵੈਦਿਕ ਰਿਸ਼ੀਆ ਨੇ ਜੋ ਵੀ ਗਿਆਨ ਵੇਦਾਂ ਵਿੱਚ ਦਿੱਤਾ ਹੈ, ਦੇਵਤਿਆਂ ਨੂੰ ਸਨਮੁੱਖ ਰੱਖ ਕੇ ਦਿੱਤਾ ਹੈ । ਉਹਨਾਂ ਲਈ ਹਰੇਕ ਪ੍ਰਾਕ੍ਰਿਤਿਕ ਅਤੇ ਅਪ੍ਰਾਕ੍ਰਿਤਿਕ ਪਦਾਰਥ ਦੇਵਤਾ ਹੀ ਹੈ । ਇਹ ਦੇਵਤਾ ਵਿਅਕਤ ਅਤੇ ਅਵਿਅਕਤ ਦੋਹਾਂ ਰੂਪਾਂ ਵਾਲੇ ਹਨ। ਵਿਅਕਤ ਰੂਪ ਵਿੱਚ ਇਹ ਦੇਵਤਾ ਪ੍ਰਕਿਰਤੀ ਦੇ ਤੱਤਾਂ, ਪਦਾਰਥਾਂ, ਜੀਵਾਂ ਆਦਿ ਦੀ ਪ੍ਰਤੀਨਿਧਤਾ ਕਰਦੇ ਹਨ ਅਤੇ ਅਵਿਅਕਤ ਰੂਪ ਵਿੱਚ ਰਹੱਸਾਤਮਕ ਸੱਤਾ ਨਾਲ ਜੁੜੇ ਹੋਏ ਪ੍ਰਤੀਤ ਹੁੰਦੇ ਹਨ । ਪ੍ਰਮੁੱਖ ਰੂਪ ਵਿੱਚ ਅਗਨੀ, ਇੰਦਰ, ਸੋਮ, ਸੂਰਜ, ਵਰੁਣ, ਅਸ਼ਵਿਨੀ, ਪ੍ਰਿਥਵੀ ਆਦਿ ਦੇਵਤਿਆਂ ਦਾ ਵਰਨਣ ਕੀਤਾ ਗਿਆ ਹੈ, ਇਸ ਤੋਂ ਇਲਾਵਾ ਊਸ਼ਾ, ਸਰਸਵਤੀ ਅਤੇ ਸਾਵਿਤਰੀ ਆਦਿ ਦੇਵੀਆਂ ਦਾ ਵੀ ਵਰਨਣ ਹੈ । ਦੇਵਤਿਆਂ ਦੇ ਵਰਗੀਕਰਣ ਤੇ ਅਧਾਰਿਤ ਹਿੰਦੂ ਸੰਪਰਦਾਵਾਂ ਵੀ ਹਨ ਜਿਵੇਂ- ਵੈਸ਼ਣਵਵਾਦੀ, ਸ਼ੈਵਵਾਦੀ ਅਤੇ ਸ਼ਕਤੀਵਾਦੀ ।**

**ਅਗਨੀ ਵਿਸ਼ਵ ਯੱਗ ਦਾ ਮੁੱਖੀ ਹੈ ਅਤੇ ਮਨੁੱਖਤਾਂ ਨੂੰ ਜੀਵਨ ਵਿੱਚ ਉਪਰ ਉਠੱਣ ਲਈ ਪ੍ਰੇਰਣਾ ਕਰਦਾ ਹੈ । ਇਹ ਕੇਵਲ ਭੌਤਿਕ ਤੱਤ ਹੀ ਨਹੀਂ ਬਲਕਿ ਦੈਵੀ ਸ਼ਕਤੀ ਨਾਲ ਸੰਯੁਕਤ ਪਰਮਾਤਮਾ ਦਾ ਪ੍ਰਤੀਕ ਹੈ ਜੋ ਮਾਨਵਤਾ ਦੀਆਂ ਪ੍ਰਾਰਥਨਾਵਾਂ ਸੁਣਦਾ ਹੈ ਅਤੇ ਸਭ ਲੌਕਿਕ ਅਤੇ ਅਲੌਕਿਕ ਸੁੱਖ ਪ੍ਰਦਾਨ ਕਰਦਾ ਹੈ । ਸੋ ਅਗਨੀ ਦੀ ਪੂਜਾ, ਉਸ ਲਈ ਦਾਨ, ਯੱਗ ਅਤੇ ਉਸ ਦੀਆਂ ਉਸਤਤਾਂ ਮਨੁੱਖਤਾ ਲਈ ਕਲਿਆਣਕਾਰੀ ਹਨ ।**

**ਇੰਦਰ ਦੇਵਤਾ ਦਾ ਵੀ ਬਹੁਤ ਉਚਾ ਸਥਾਨ ਹੈ । ਪੁਰਾਣਾਂ ਵਿੱਚ ਇੰਦਰ ਨੂੰ ਦੇਵਰਾਜ ਮੰਨਿਆ ਗਿਆ ਹੈ । ਵੇਦਾਂ ਵਿੱਚ ਇਸਦੇ ਕਈ ਰੂਪ ਹਨ । ਇਹ ਬਲ ਵਧਾਉਣ ਵਾਲਾ, ਚਮਕੀਲ ਵਜ੍ਰ ਨੂੰ ਧਾਰਨ ਕਰਨ ਵਾਲਾ, ਮਾਇਆ ਨੂੰ**

**ਖਤਮ ਕਰਨ ਵਾਲਾ ਦੇਵਤਾ ਹੈ, ਜੋ ਮਾਨਵਤਾ ਨੂੰ ਕਈ ਸੁੱਖ ਪ੍ਰਦਾਨ ਕਰਨ ਯੋਗ ਹੈ । ਇਸ ਤੋਂ ਇਲਾਵਾ ਬ੍ਰਹਸਪਤੀ, ਸੋਮ, ਪੂਸ਼ਾ ਆਦਿ ਦੇਵਤਿਆਂ ਦੀ ਮਹਾਨਤਾ ਦਾ ਜ਼ਿਕਰ ਕ੍ਰਮਵਾਰ ਰਿਗ, ਸਾਮ, ਯਜੁਰ ਅਤੇ ਅਥਰਵ ਵੇਦ ਵਿੱਚ ਭਰਪੂਰ ਕੀਤਾ ਗਿਆ ਹੈ । ਵੇਦਾਂ ਵਿੱਚ ਕਈ ਜਗ੍ਹਾ ਆਤਮਾ ਨੂੰ ਵੀ ਦੇਵਤਾ ਮੰਨਿਆ ਗਿਆ ਹੈ, ਜਿਵੇਂ ਯਜੁਰਵੇਦ ਦੇ ਅਖੀਰਲੇ ਭਾਗ ਦਾ ਦੇਵਤਾ ਆਤਮਾ ਹੈ, ਰਿਗਵੇਦ (10.125) ਦਾ ਦੇਵਤਾ ਵੀ ਆਤਮਾ ਹੀ ਹੈ । ਰਿਗਵੇਦ (10.75) ਵਿੱਚ ਨਦੀਆਂ ਵੀ ਦੇਵਤਾ ਹਨ । ਇਸ ਸੂਕਤ ਵਿੱਚ ਸਿੰਧ, ਗੰਗਾ, ਯਮੁਨਾ, ਸਰਸਵਤੀ, ਗੋਮਤੀ ਆਦਿ ਨਦੀਆਂ ਦੇ ਨਾਮ ਵੀ ਮਿਲਦੇ ਹਨ ।**

**ਉਪਨਿਸ਼ਦ** – ਵੈਦਿਕ ਸਾਹਿਤ ਦੇ ਇਸ ਭਾਗ ਨੂੰ 'ਵੇਦਾਂਤ' ਅਤੇ ਬ੍ਰਹਮਸੂਤਰ ਵੀ ਕਿਹਾ ਜਾਂਦਾ ਹੈ। ਇਹਨਾਂ ਵਿੱਚ ਆਤਮ ਗਿਆਨ, ਮੋਕਸ਼ ਗਿਆਨ ਅਤੇ ਬ੍ਰਹਮਗਿਆਨ ਵਿਸ਼ਿਆਂ ਦੀ ਪ੍ਰਧਾਨਤਾ ਹੈ।ਦਰਅਸਲ ਉਪਨਿਸ਼ਦ ਅਧਿਆਤਮਕ ਗਿਆਨ ਦੇ ਮਾਨ ਸਰੋਵਰ ਮੰਨੇ ਜਾਂਦੇ ਹਨ ਜਿਹਨਾਂ ਵਿੱਚੋਂ ਵਿੰਭਿੰਨ ਗਿਆਨਾਂ ਦੀਆਂ ਨਦੀਆਂ ਨਿਕਲਦੀਆਂ ਹਨ । ਇਸਦਾ ਸਾਬਦਿਕ ਅਰਥ ਹੈ – ਉਪ-ਨਿ-ਸ਼ਦ ਗੁਰੂ ਦੇ ਕੋਲ ਸ਼ਿਸ਼ ਦਾ ਬੈਠ ਕੇ ਗਿਆਨ ਹਾਸਿਲ ਕਰਨਾ।

**ਵੇਦ ਅਤੇ ਉਪਨਿਸ਼ਦ –** ਉਪਨਿਸ਼ਦਾਂ ਨੂੰ ਵੇਦਾਂ ਦਾ ਆਖਰੀ ਭਾਗ ਹੋਣ ਕਾਰਣ ਵੇਦਾਂਤ ਵੀ ਕਿਹਾ ਜਾਂਦਾ ਹੈ, ਵੇਦਾਂਤ ਉਪਨਿਸ਼ਦਾ ਦੇ ਵਾਕਾਂ ਦੀ ਵਿਆਖਿਆ ਕਰਦਾ ਹੈ। ਉਪਨਿਸ਼ਦ ਦਾ ਸ਼ਾਬਦਿਕ ਅਰਥ ਹੈ-ਅਜਿਹੀ ਵਿਦਿਆ ਜੋ ਗੁਰੂ ਦੇ ਨੇੜੇ ਚੰਗੀ ਤਰ੍ਹਾਂ ਜਾਂ ਭਗਤੀ ਭਾਵ ਨਾਲ ਬੈਠ ਕੇ ਸਿੱਖੀ ਜਾਂਦੀ ਹੈ। ਪੁਰਾਤਨ ਭਾਰਤੀ ਅਧਿਆਤਮਕ ਪਰੰਪਰਾ ਵਿੱਚ 'ਸ਼ਦ' ਸ਼ਬਦ ਦਾ ਅਰਥ 'ਵਿਨਾਸ਼' ਵੀ ਕੀਤਾ ਗਿਆ ਹੈ ਜਿਸ ਅਨੁਸਾਰ ਇਹ ਵਿਦਿਆ ਅਗਿਆਨ ਦਾ ਵਿਨਾਸ਼ ਕਰਨ ਵਾਲੀ ਮੰਨੀ ਗਈ ਹੈ।

ਉਪਨਿਸ਼ਦਾਂ ਦੇ ਕਾਲ ਬਾਰੇ ਵੀ ਵਿਦਵਾਨਾਂ ਦੀਆਂ ਕਲਪਨਾਵਾਂ ਹੀ ਪ੍ਰਚਲਿਤ ਹਨ। ਸ਼ੰਕਰਾਚਾਰੀਆਂ ਵਰਗੇ ਭਾਰਤੀ ਵਿਦਵਾਨ ਉਪਨਿਸ਼ਦਾਂ ਨੂੰ ਵੀ ਵੇਦਾਂ ਵਾਂਗ ਸ਼ਰੂਤੀ ਹੀ ਮੰਨਦੇ ਹਨ। ਉਪਨਿਸ਼ਦਾਂ ਦਾ ਗਿਣਤੀ ਬਾਰੇ ਵੀ ਇਕਮਤ ਧਾਰਨਾ ਨਹੀਂ ਹੈ ਤਕਰੀਬਨ ਦੋ ਸੋ ਦੇ ਕਰੀਬ ਲਿਖਤਾਂ ਮੌਜੂਦ ਹਨ ਪਰ ਗਿਆਰਾਂ ਉਪਨਿਸ਼ਦਾਂ ਨੂੰ ਵਧੇਰੇ ਮਾਨਤਾ ਦਿੱਤੀ ਜਾਂਦੀ ਹੈ ਜਿਹਨਾਂ ਉਪਰ ਸ਼ੰਕਰਾਚਾਰੀਆ ਨੇ ਭਾਸ਼ ਲਿਖੇ ਹਨ।

ਉਪਨਿਸ਼ਦਾਂ ਵਿਚਲਾ ਗਿਆਨ ਕਈ ਰਹੱਸਾਤਮਕ ਤੱਤਾਂ ਦਾ ਵਰਨਣ ਕਰਦਾ ਹੈ ਜਿਵੇਂ – ਆਤਮਾ, ਬ੍ਰਹਮ, ਈਸ਼ਵਰ, ਜੀਦ, ਆਦਿ। ਸ਼ੰਕਰਾਚਾਰੀਆ ਨੇ ਜਿਹਨਾਂ ਉਪਨਿਸ਼ਦਾਂ ਦੇ ਭਾਸ਼ ਲਿਖੇ ਹਨ ਉਹਨਾਂ ਵਿਚੋਂ ਐਤਰੀਆ ਉਪਨਿਸ਼ਦ ਰਿਗਵੇਦ ਵਾਸਤੇ ਤੈਤਰੀਅ, ਈਸ਼, ਕਚ ਅਤੇ ਬ੍ਰਿਹਦਾਰਣਿਅਕ , ਅਜ਼ੁਰਵੇਦ ਵਾਸਤੇ ਕੇਨ ਅਤੇ ਛਾਂਦੋਗਯ ਸਾਮਵੇਦ ਸ੍ਵੇਤਾ ਸੂਤਰ ਵਾਸਤੇ, ਪ੍ਰਸ਼ਨ, ਮੁੰਛਕ ਅਤੇ ਮਾਡੂਕਿਅ ਅਥਰਵਵੇਦ ਵਾਸਤੇ ਹਨ।

ਉਪਨਿਸ਼ਦਾਂ ਦੇ ਅਧਿਐਨ ਨਾਲ ਮਨੁੱਖ ਨੂੰ ਆਪਣੇ ਆਤਮਨ ਅਤੇ ਬਾਹਰ ਦੇ ਸੰਸਾਰ ਦੇ ਕਾਰ ਵਿਹਾਰ ਦੀ ਹਕੀਕਤ ਨੂੰ ਸਮਝਣ ਦਾ ਗਿਆਨ ਪ੍ਰਾਪਤ ਹੁੰਦਾ ਹੈ। ਉਪਨਿਸ਼ਦਾਂ ਵਿਚ ਬ੍ਰਹਮ ਆਤਮਾ ਦੇ ਸਿਧਾਂਤ ਦੀ ਵਿਆਖਿਆ ਹੈ ਬ੍ਰਹਮ ਦੇ ਅਰਥ ਹਨ ਸਰਬ ਸ਼ਕਤੀਮਾਨ ਜਾਂ ਪਰਮ ਸੱਚ। ਆਤਮਾ ਸ਼ਬਦ ਵਿਅਕਤੀ ਦੇ ਧੁਰ ਆਪੇ ਲਈ ਵਰਤਿਆ ਗਿਆ ਹੈ ਅਤੇ ਉਪਨਿਸ਼ਦਾਂ ਵਿੱਚ ਕਈ ਥਾਵਾਂ ਤੇ ਇਹਨਾਂ ਦੋਹਾਂ ਨੂੰ ਇਕਮਿਕ ਦਰਸਾਇਆ ਗਿਆ ਹੈ ਸੰਕਰ ਨੇ ਇਸ ਏਕਤਾ ਦੀ ਨਿਆਇ ਪੂਰਨ ਵਿਧੀ ਨਾਲ ਵਿਆਖਿਆ ਕੀਤੀ ਹੈ, ਜਿਸਨੂੰ ਅਦ੍ਵੈਤ ਵੇਦਾਂਤ ਵੀ ਕਿਹਾ ਜਾਂਦਾ ਹੈ। ਇਸੇ ਉਪਰ ਰਾਮਾਨੂਜ ਨੇ ਵੀ ਜੋਰ ਦਿੱਤਾ ਜਿਸ ਨੂੰ ਵਿਸ਼ਿਸ਼ਟ ਅਦ੍ਵੈਤਵਾਦ ਕਿਹਾ ਗਿਆ ਹੈ ਜੋ ਕਿ ਈਸ਼ਵਰਵਾਦੀ ਹੈ ਅਤੇ ਭਗਤੀ ਭਾਵ ਭਰਪੂਰ ਹੈ।

ਉਪਨਿਸ਼ਦਾਂ ਵਿਚ ਬ੍ਰਹਮ ਦੇ ਦੋ ਰੂਪ ਵਰਨਣ ਕੀਤੇ ਗਏ ਹਨ-ਨਿਰਗੁਣ ਅਤੇ ਸਗੁਣ । ਨਿਰਗੁਣ ਬ੍ਰਹਮ ਲੱਛਣਾਂ ਤੇ ਰਹਿਤ ਹੈ, ਉਸਦਾ ਪ੍ਰਗਟਾਵਾ ਨਹੀਂ ਹੁੰਦਾ ਅਤੇ ਜਦੋਂ ਇਹ ਮਾਇਆ ਨਾਲ ਮਿਲ ਕੇ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਤਾਂ ਸ੍ਰਿਸ਼ਟੀ ਦਾ ਸਿਰਜਣਹਾਰਾ ਬਣਦਾ ਹੈ ਅਤੇ ਇਸੇ ਦੇ ਕੁਝ ਲੱਛਣ ਅਤੇ ਗੁਣ ਪ੍ਰਗਟ ਹੁੰਦੇ ਹਨ

ਜਿਹਨਾਂ ਨੂੰ ਈਸ਼ਵਰ ਕਿਹਾ ਜਾਂਦਾ ਹੈ ਸੋ ਪਰਮ–ਸੱਤਾ (ਨਿਰਗੁਣ ਸਰੂਪ) ਅਤੇ ਈਸ਼ਵਰ (ਸਗੁਣ ਸਰੂਪ) ਵਿੱਚ ਕੋਈ ਭੇਦ ਨਹੀਂ ਹੈ। ਇਸ ਤੋਂ ਇਲਾਵਾ ਉਪਨਿਸ਼ਦਾਂ ਵਿੱਚ ਮਨੁੱਖ ਦੀ ਉਤਪਤੀ ਦੇ ਸਿਧਾਂਤ, ਉਸ ਅੰਦਰ ਸਥਿਤ ਪ੍ਰਾਣ ਅਤੇ ਵਾਯੂ ਦੀ ਸ਼ਕਤੀ ਦਾ ਮਹੱਤਵ, ਉਪਾਸਨਾ ਦੀ ਮਹੱਤਤਾ, ਓਂਕਾਰ ਦੀ ਮਹਾਨਤਾ, ਪੰਜ ਕੋਸ਼ਾਂ ਦਾ ਵਰਨਣ ਅਤੇ ਮਨੁੱਖੀ ਆਨੰਦ ਤੋਂ ਪਰਮ ਆਨੰਦ ਤੱਕ ਦੇ ਸਫਰ ਆਦਿ ਬਾਰੇ ਗੰਭੀਰ ਅਤੇ ਰਹੱਸਨਾਤਮਕ ਦਰਸ਼ਨ ਉਪਲਬਧ ਹੈ। ਉਪਨਿਸ਼ਦਾ ਵਿਚ ਸਮੁੱਚੀਆਂ ਅਧਿਆਤਮਿਕ ਅਤੇ ਸਮਾਜਿਕ ਸਰੋਕਾਰਾਂ ਦਾ ਵਰਨਣ ਹੈ ਜਿਹਨਾਂ ਦਾ ਸੰਬੰਧ ਹਰੇਕ ਵਿਅਕਤੀ ਅਤੇ ਹਰੇਕ ਸਮਾਜ ਨਾਲ ਹੋ ਸਕਦਾ ਹੈ।

**ਗੀਤਾ :**

ਉਪਨਿਸ਼ਦਾਂ ਦਾ ਸਾਰ ਗੀਤਾ ਨੂੰ ਮੰਨਿਆ ਗਿਆ ਹੈ ਜਿਸਦਾ ਮਹੱਤਵ ਭਾਰਤ ਤੋਂ ਇਲਾਵਾ ਸੰਸਾਰ ਭਰ ਵਿਚ ਸਮਝਿਆ ਗਿਆ ਹੈ। ਇਸਦਾ ਪੂਰਾ ਨਾਮ 'ਭਾਗਵਤ ਗੀਤਾ ਉਪਨਿਸ਼ਦ' ਹੈ। ਕੁਝ ਵਿਦਵਾਨਾਂ ਅਨੁਸਾਰ ਇਹ ਗ੍ਰੰਥ ਸ਼ੁਰੂ ਵਿੱਚ ਉਪਨਿਸ਼ਦ ਵਰਗ ਦੇ ਗ੍ਰੰਥਾਂ ਦਾ ਮੂਲ ਪਾਠ ਸੀ ਅਤੇ ਸੁਤੰਤਰ ਪੁਸਤਕ ਵਜੋਂ ਵਿਦਮਾਨ ਸੀ । ਪਿਛੋਂ ਮਹਾਂਭਾਰਤ ਦਾ ਇਕ ਭਾਗ ਬਣ ਗਈ, ਇਸ ਵਿਚ ਅਠਾਰਾਂ ਅਧਿਆਇ ਅਤੇ ਸਤ ਸੌ ਸ਼ਲੋਕ ਹਨ ਜੋ ਜੀਵਨ ਦੇ ਸੂਖਮ ਰਹੱਸ ਮਨੁੱਖ ਨੂੰ ਸਮਝਾ ਰਹੇ ਹਨ। ਮਨੁੱਖੀ ਜੀਵਨ ਕਰਮਾਂ ਅਨੁਸਾਰ ਆਵਾਗਵਣ ਦੇ ਚੱਕਰ ਵਿਚ ਪਿਆ ਰਹਿੰਦਾ ਹੈ ਅਤੇ ਕਈ ਤਰ੍ਹਾਂ ਦੇ ਕਸ਼ਟਾਂ ਦਾ ਸਾਹਮਣਾ ਕਰਦਾ ਹੈ ਜਿਸ ਨਾਲ ਜੀਵਨ ਨੂੰ ਕਈ ਤਰ੍ਹਾਂ ਦੀ ਨਿਰਾਸ਼ਾ ਹੁੰਦੀ ਹੈ ਪਰ ਇਹ ਨਿਰਾਸ਼ਾ ਅੰਤਿਮ ਨਹੀਂ ਹੈ ਇਹਨਾਂ ਕਸ਼ਟਾਂ ਤੋਂ ਉਪਰ ਉਠ ਕੇ ਜੰਮਣ ਮਰਨ ਤੋਂ ਛੁਟਕਾਰਾ ਹੀ ਅਸਲ ਮੁਕਤੀ ਹੈ ਅਤੇ ਇਸ ਮੁਕਤੀ ਲਈ ਗੀਤਾ ਤਿੰਨ ਰਾਗ ਦਰਸਾਉਂਦੀ ਹੈ-ਗਿਆਨ ਯੋਗ, ਕਰਮ ਯੋਗ ਅਤੇ ਭਗਤੀ ਯੋਗ। ਪਰਮਾਤਮਾ ਦਾ ਗਿਆਨ ਯਾਨੀ ਉਸਦੇ ਗੁਣਾਂ ਦਾ ਗਿਆਨ ਹੋ ਜਾਣ ਨਾਲ ਮਨੁੱਖ ਉਸ ਤੱਕ ਪਹੁੰਚ ਸਕਦਾ ਹੈ। ਇਸਦੇ ਨਾਲ ਨਾਲ ਗੀਤਾ ਨਿਸ਼ਕਾਮ ਅਮਲ (ਕਰਮ) ਦੀ ਵੀ ਸ਼ਲਾਘਾ ਕਰਦੀ ਹੈ, ਆਪਣਾ ਫਰਜ਼ ਦੁਖ ਸੁਖ, ਲਾਭ ਹਾਨੀ ਦੇ ਵਿਚਾਰ ਦੀ ਪਰਵਾਹ ਕੀਤੇ ਬਿਨ੍ਹਾਂ ਨਿਭਾਉਣ ਦੀ ਪ੍ਰੇਰਨਾ ਦਿੱਤੀ ਗਈ ਹੈ। ਗੀਤਾ ਸੂਝਵਾਨ ਵਿਅਕਤੀ ਦੀ ਮਨੋਦਸ਼ਾ ਨੂੰ ਬਿਆਨ ਕਰਦੀ ਹੈ ਕਿ ਕਿਵੇਂ ਉਹ ਦ੍ਰਿੜ ਮਨ ਨਾਲ ਪਿਆਰ ਅਤੇ ਘ੍ਰਿਣਾ ਤੋਂ ਉਪਰ ਖੁਸ਼ੀ ਗਮੀ ਦੇ ਘੇਰੇ ਤੋਂ ਬਾਹਰ ਆਨੰਦ ਵਿੱਚ ਰਹਿੰਦਾ ਹੈ ਅਤੇ ਸਮਾਧੀ ਪ੍ਰਾਪਤ ਕਰਦਾ ਹੈ। ਇਸ ਉਪਨਿਸ਼ਦ ਅਨੁਸਾਰ ਗਿਆਨ ਅਤੇ ਕਰਮ ਤੋਂ ਉਪਰ ਅਗਰ ਭਗਤੀ ਯੋਗ ਮਿਲ ਜਾਵੇ ਤਾਂ ਉਹ ਸਰਵੋਤਮ ਸਮਾਧੀ ਹੈ ਮੱਧ ਕਾਲੀਨ ਭਾਰਤ ਵਿੱਚ ਇਸ ਮਾਰਗ ਨੂੰ ਭਾਰੀ ਸੰਖਿਆ ਵਿਚ ਅਪਣਾਇਆ ਵੀ ਗਿਆ ਇੰਜ ਗੀਤਾਂ ਨੇ ਇਕ ਅਜਿਹਾ ਧਰਮ ਸਾਹਮਣੇ ਲਿਆਦਾ ਜਿਹੜਾ ਵਿਅਕਤੀ ਰੂਪ ਇਸ਼ਟ ਦੀ ਪ੍ਰੇਮ ਭਗਤੀ ਉਪਰ ਆਧਾਰਿਤ ਸੀ। ਇਹ ਤਿੰਨੇ ਮਾਰਗ ਮੋਕਸ਼ ਦਵਾਉਣ ਯੋਗ ਮੰਨੇ ਗਏ ਹਨ ਤਿੰਨਾਂ ਚੋਂ ਕਿਸੇ ਉਪਰ ਵੀ ਚੱਲ ਕੇ ਮਨੁੱਖ ਜਦੋਂ ਸਿਖਰ ਤੇ ਪਹੁੰਚਦਾ ਹੈ ਤਾਂ ਅਨੁਭਵ ਇਕੋ ਪ੍ਰਕਾਰ ਦਾ ਹੈ। ਅਨੰਤਤਾ ਦਾ ਅਨੁਭਵ ਵੱਖ-ਵੱਖ ਨਹੀਂ ਹੁੰਦਾ।

**ਗੀਤਾ ਦੇ 18 ਅਧਿਆਇ ਗੂੜ੍ਹ ਦਰਸ਼ਨ ਦੀ ਵਿਆਖਿਆ ਕਰਦੇ ਹਨ । ਪ੍ਰਸ਼ਨ ਉੱਤਰ ਰੂਪ ਵਿੱਚ ਜੀਵਨ ਦੇ ਰਹੱਸਾ ਦੀ ਸਰਲ ਭਾਸ਼ਾ ਵਿੱਚ ਵਿਆਖਿਆ ਕਰਨ ਦਾ ਯਤਨ ਕੀਤਾ ਗਿਆ ਹੈ । ਪਹਿਲੇ ਅਧਿਆਇ ਦਾ ਨਾਮ ਅਰਜੁਨ ਵਿਸ਼ਾਧ ਯੋਗ ਹੈ । ਇਸ ਵਿੱਚ ਗੀਤਾ ਦੇ ਉਪਦੇਸ਼ ਨੂੰ ਨਾਟਕੀ ਢੰਗ ਨਾਲ ਵਕਤਾ ਤੇ ਸਰੋਤਾ ਦੇ ਸੰਵਾਦ ਰੂਪ ਵਿੱਚ ਪ੍ਰਸਤੁਤ ਕੀਤਾ ਗਿਆ ਹੈ । ਜੀਵਨ ਵਿੱਚ ਆਉਣ ਵਾਲੀਆਂ ਸਮਸਿੱਆਵਾਂ ਨੂੰ ਸਾਹਸ, ਧੀਰਜ, ਸ਼ਕਤੀ ਨਾਲ ਜੂਝਣ ਦਾ ਗਿਆਨ ਦਿੱਤਾ ਗਿਆ ਹੈ । ਅਰਜੁਨ ਦੇ ਰੂਪ ਵਿੱਚ ਆਮ ਵਿਅਕਤੀ ਦੇ ਸਾਹਮਣੇ ਆਉਣ ਵਾਲੀਆਂ ਕਠਿਨਾਈਆਂ ਜੋ ਵਿਅਕਤੀ ਦੇ ਕਰਤੱਵ ਦੇ ਰਾਹ ਉਪਰ ਅਟਕਲਾਂ ਪਾਉਂਦੀਆ ਹਨ, ਉਸ ਮਨੋਦਸ਼ਾ ਨੂੰ ਪ੍ਰਸਤੁਤਿ ਕਰਦਾ ਇਹ ਅਧਿਆਇ ਹਰੇਕ ਮਨੁੱਖ ਨੂੰ ਆਪਣੇ ਜੀਵਨ ਦੇ ਨਜ਼ਦੀਕ ਮਹਿਸੂਸ ਹੁੰਦਾ ਹੈ । ਦੂਜੇ ਅਧਿਆਇ ਦਾ ਨਾਮ ਸਾਂਖਯੋਗ ਹੈ ਜਿਸ ਵਿੱਚ ਅਰਜੁਨ ਦੀ ਦੁਵਿਧਾਜਨਕ ਮਨੋਦਸ਼ਾ ਲਈ ਕ੍ਰਿਸ਼ਨ ਉਸਨੂੰ ਸੁੱਖ-**

**ਦੁੱਖ ਦੀ ਛਿਣਭੰਗਰਤਾ ਦਾ ਬੋਧ ਕਰਾਉਂਦੇ ਹਨ ਅਤੇ ਨਾਲ ਹੀ ਗਿਆਨ ਦਿੰਦੇ ਹਨ ਕਿ ਜੋ ਹੋ ਰਿਹਾ ਹੈ, ਉਹ ਸਭ ਪ੍ਰਕਿਰਤੀ ਵਲੋਂ ਪਹਿਲਾਂ ਤੋਂ ਨਿਰਧਾਰਿਤ ਹੈ, ਜਿਸ ਤੋਂ ਭਜਿਆ ਨਹੀਂ ਜਾ ਸਕਦਾ । ਇਸ ਅਧਿਆਇ ਵਿੱਚ ਨਿਸ਼ਕਾਮ ਕਰਮੀ ਹੋਣ ਦਾ ਗਿਆਨ ਸ਼ਾਮਿਲ ਹੈ । ਤੀਸਰੇ ਅਧਿਆਇ ਵਿੱਚ ਕਰਮਯੋਗ ਦੇ ਅਧੀਨ ਕ੍ਰਿਸ਼ਨ ਦੁਆਰਾ ਮਿਥਿਆਚਾਰ ਦਾ ਗਿਆਨ ਦਿੱਤਾ ਗਿਆ । ਕਈ ਦੁਨਿਆਵੀ ਉਦਾਹਰਨਾਂ ਸਹਿਤ ਜੀਵਨ ਨੂੰ ਸਹੀ ਕਰਮ ਕਰਨ ਲਈ ਪ੍ਰੇਰਣਾ ਦਿੱਤੀ ਗਈ ਹੈ ।**

**ਚੌਥੇ ਅਧਿਆਇ ਦਾ ਨਾਮ ਗਿਆਨ ਕਰਮ ਸੰਨਿਆਸ ਯੋਗ ਹੈ । ਇਸ ਭਾਗ ਵਿੱਚ ਧਰਮ ਦੇ ਬਚਾਵ ਲਈ ਈਸ਼ਵਰ ਦੇ ਬਾਰ-ਬਾਰ ਅਵਤਾਰ ਲੈਣ ਦਾ ਵਰਨਣ ਹੈ। ਇਸੇ ਵਿੱਚ ਕਰਮ ਤੋਂ ਸਿੱਧੀ ਤਕ ਦੀ ਯਾਤਰਾ ਦਾ ਮਹੱਤਵ ਵੀ ਦਿੱਤਾ ਗਿਆ ਹੈ । ਪੰਜਵੇ ਭਾਗ ਵਿੱਚ ਕਮਲ ਰੂਪੀ ਜੀਵਨ ਦੇ ਦ੍ਰਿਸ਼ਟਾਂਤ ਨਾਲ ਜੀਵਨ ਦੇ ਮੁਕਤ ਸਰੂਪ ਨੂੰ ਪੇਸ਼ ਕੀਤਾ ਗਿਆ ਹੈ । ਛੇਵੇ ਭਾਗ ਵਿੱਚ ਇੰਦਰੀਆਂ ਦੇ ਸੰਯਮ ਉਪਰ ਗਿਆਨ ਦਿੱਤਾ ਗਿਆ ਹੈ । ਇਸੇ ਲਈ ਇਸ ਦਾ ਨਾਮ ਆਤਮ ਸੰਯਮ ਯੋਗ ਹੈ । ਸਤਵੇਂ ਅਧਿਆਇ ਦਾ ਵਿਸ਼ਾ ਗਿਆਨ ਵਿਗਿਆਨ ਯੋਗ ਹੈ ਇਸ ਵਿੱਚ ਪਰਾ ਅਤੇ ਅਪਰਾ ਵਿਦਿਆ ਦੀਆਂ ਵਿਸੇਸ਼ਤਾਵਾਂ ਦੱਸੀਆਂ ਗਈਆ ਹਨ । ਅਠਵੇਂ ਅਧਿਆਇ ਵਿੱਚ ਉਂਕਾਰ ਅੱਖਰ ਦੀ ਮਹਾਨਤਾ ਦੱਸੀ ਗਈ ਹੈ ।**

**ਨੌਵੇਂ ਅਧਿਆਇ ਨੂੰ ਰਾਜ ਗ੍ਰਹਿ ਯੋਗ ਅਤੇ ਦਸਵੇਂ ਨੂੰ ਵਿਭੂਤੀ ਯੋਗ ਕਿਹਾ ਗਿਆ ਹੈ, ਜਿਹਨਾਂ ਦੇਵਤਿਆਂ ਨੂੰ ਇਕ ਪ੍ਰਮਾਤਮਾ ਦੇ ਰੂਪ ਵਿੱਚ ਮੰਨਣ ਦੇ ਨਿਰਦੇਸ਼ ਦਿੱਤੇ ਗਏ ਹਨ । ਗਿਆਰਵੇਂ ਅਧਿਆਇ ਵਿੱਚ ਕ੍ਰਿਸ਼ਨ ਭਗਵਾਨ ਨੇ ਵਿਸ਼ਵਰੂਪ ਵਿੱਚ ਅਰਜੁਨ ਨੂੰ ਦਰਸ਼ਨ ਦਿੱਤੇ ਅਤੇ ਮਾਨਵੀ ਧਰਾਤਲ ਤੋਂ ਉਪਰ ਸਮੁੱਚੀ ਰਚਨਾ ਵਿਧਾਨ ਦੇ ਸਾਖਿਆਤ ਦਰਸ਼ਨ ਕਰਵਾਏ । ਜਿਸ ਨਾਲ ਇਹ ਸਿੱਖਿਆ ਦਿੱਤੀ ਕਿ ਮਾਨਵ ਜੀਵਨ ਲਈ ਜੋ ਸੁਭਾਵਿਕ ਸਥਿਤੀਆਂ ਈਸ਼ਵਰ ਨੇ ਪ੍ਰਦਾਨ ਕੀਤੀਆ ਹਨ ਉਹ ਹੀ ਮਾਨਵ ਲਈ ਲਾਭਦਾਇਕ ਹਨ । ਅਗਲੇ ਦੋ ਅਧਿਆਇ ਸਤੋ, ਰਜੋ ਅਤੇ ਤਮੋ ਗੁਣੀ ਤੱਤ ਚਿੰਤਨ ਦਾ ਵਿਸਥਾਰ ਹਨ । ਚੋਹਦਵੇਂ ਅਧਿਆਇ ਵਿੱਚ ਸਮੁੱਚੇ ਬ੍ਰਹਿਮੰਡ ਵਿੱਚ ਰਮੇ ਹੋਏ ਬ੍ਰਹਮ ਤੱਤ ਦੀ ਮਹਾਨਤਾ ਦਿਖਾਈ ਗਈ ਹੈ । ਪੰਦਰਵੇਂ ਭਾਗ ਵਿੱਚ ਬੁਰਾਈ ਦੀ ਸ਼ਕਤੀ ਜੋ ਕਿ ਰਿਗਵੇਦ ਅਨੁਸਾਰ ਵੀ ਸੰਸਾਰ ਵਿੱਚ ਵਿਦਮਾਨ ਹੈ, ਉਸਦੇ ਵਿਖਿਆਂਤ ਹਨ ਅਤੇ ਅਗਲੇ ਅਧਿਆਇ ਵਿੱਚ ਤਿੰਨਾਂ ਗੁਣਾਂ, (ਰਜੋ, ਸਤੋ ਅਤੇ ਤਮੋ) ਅਨੁਸਾਰ ਜੀਵਨ ਸ਼ੈਲੀ ਦੇ ਕਰਮਾਂ ਦਾ ਉਲੇਖ ਹੈ ।**

**ਅਖੀਰਲੇ ਅਧਿਆਇ ਦਾ ਨਾਮ ਮੋਕਸ਼ ਸੰਨਿਆਸ ਯੋਗ ਹੈ, ਜਿਸ ਵਿੱਚ ਸਮੁੱਚੀ ਗੀਤਾ ਦਾ ਸਾਰ ਹੈ । ਇਸ ਅਨੁਸਾਰ ਤਿੰਨਾਂ ਗੁਣਾਂ ਵਿੱਚ ਸੰਤੁਲਨ ਬਣਾ ਕੇ ਸਾਤਵਿਕ ਬੁੱਧੀ ਦੀ ਪ੍ਰਧਾਨਤਾ ਦੇ ਗੁਣ ਦਰਸਾਏ ਗਏ ਹਨ । ਇਸ ਤਰ੍ਹਾਂ ਸਮੁੱਚੀ ਗੀਤਾ ਵਿੱਚ ਸੱਚੇ ਵਿਵਹਾਰਿਕ ਮਾਰਗ ਦਾ ਰਸਤਾ ਦਰਸਾਇਆ ਗਿਆ ਹੈ ਜਿਸ ਤੇ ਪਾਲਣ ਕਰਕੇ ਸਦੀਵੀ ਆਨੰਦ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ ।**

**ਭਗਵਦ ਗੀਤਾ ਬਦਲਦੀਆ ਹੋਈਆਂ ਸਮਾਜਿਕ ਪਰਸਿਥਿਤੀਆਂ ਵਿੱਚ ਵੀ ਆਪਣਾ ਸਥਾਨ ਬਣਾਉਣ ਵਿੱਚ ਕਾਮਯਾਬ ਰਹੀ ਹੈ । ਧਰਮ ਨੂੰ ਦਾਰਸ਼ਨਿਕ ਦ੍ਰਿਸ਼ਟੀ ਤੋਂ ਦੇਖਣ ਦੇ ਨਾਲ-ਨਾਲ ਜੀਵਨ ਦੇ ਵਿਵਹਾਰਿਕ ਦਾਰਸ਼ਨਿਕ ਦ੍ਰਿਸ਼ਟੀਕੋਣ ਦੇ ਸਾਰੇ ਪਹਿਲੂਆਂ ਨੂੰ ਛੋਹਣ ਕਾਰਨ ਇਹ ਗ੍ਰੰਥ ਦੇਸ਼ਾਂ ਅਤੇ ਵਿਦੇਸ਼ਾਂ ਵਿੱਚ ਪ੍ਰਚਲਿਤ ਹੈ । ਇਹ ਵਿਸ਼ਵ ਦੀਆਂ ਪ੍ਰਸਿੱਧ ਧਾਰਮਿਕ ਪੁਸਤਕਾਂ ਵਿੱਚੋਂ ਇਕ ਹੈ ।**

ਉਪਨਿਸ਼ਦ ਵੇਦਾਂ ਦਾ ਅੰਤਿਮ ਭਾਗ ਹਨ ਅਤੇ ਇਨ੍ਹਾਂ ਦੇ ਵਿਸ਼ੇ ਦਾ ਅੰਤਰ ਹੈ। ਵੇਦਾਂ ਦੇ ਪੂਰਵ ਭਾਗ ਵਿੱਚ ਲੋਕਿਕ ਜੀਵਨ ਨੂੰ ਅਨੰਦਮਈ ਬਣਾਉਣ ਦੇ ਸਾਧਨ ਵਜੋਂ ਯੱਗਾਂ ਅਤੇ ਕਰਮਕਾਂਡ ਆਦਿ- ਵਿਸਤ੍ਰਿਤ ਵਿਸਲੇਸ਼ਣ ਹੈ। ਜਿਸ ਨਾਲ ਦੇਵੀ ਦੇਵਤਿਆਂ ਨੂੰ ਪ੍ਰਸੰਨ ਕਰਕੇ ਭੌਤਿਕ ਸੁਖ ਦੀ ਕਾਮਨਾ ਕੀਤੀ ਜਾ ਸਕਦੀ ਹੈ ਪ੍ਰੰਤੂ ਉਸ ਨਾਲ ਆਤਮ ਆਨੰਦ ਰੂਪੀ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ ਜਦਕਿ ਉਪਨਿਸ਼ਦਾਂ ਵਿੱਚ ਆਤਮ ਗਿਆਨ ਦੀ ਭਰਪੂਰ ਚਰਚਾ ਹੈ ਜਿਸ ਨਾਲ ਸੰਸਾਰ ਰੂਪੀ ਚੱਕਰ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਵੇਦਾਂ ਦੇ ਪੂਰਵ ਭਾਗ ਵਿਚਲੇ ਯੱਗ, ਬਲੀਦਾਨ ਅਤੇ ਕਰਮਕਾਂਡ ਦਾ ਪੂਰਨ ਨਿਸ਼ੇਧ ਉਪਨਿਸ਼ਦਾਂ ਵਿੱਚ ਝਲਕਦਾ ਹੈ (ਮੁੰਡਕ ਉਪਨਿਸ਼ਦ) ਉਪਨਿਸ਼ਦਾ ਵਿੱਚ ਬਾਹਰੀ ਯੱਗ ਦੀ ਜਗ੍ਹਾ ਅੰਤਰੀਵ ਯੱਗ ਦੀ ਕਲਪਨਾ ਕੀਤੀ ਗਈ ਹੈ। ਕਰਮ ਕਾਂਡ ਆਦਿ ਦਾ ਸੰਪੂਰਨ ਵਿਰੋਧ ਹੈ ਅਤੇ ਇਸ ਅਨੁਸਾਰ ਅੰਤਰਦ੍ਰਿਸ਼ਟੀ ਹੀ ਯਥਾਰਥ ਦ੍ਰਿਸ਼ਟੀ ਹੈ। ਪ੍ਰਮੱਖ ਉਪਨਿਸ਼ਦ ਹਨ - ਈਸ਼, ਕੇਨ, ਕਠ, ਪ੍ਰਸ਼ਨ, ਮੁੰਡਕ, ਮਾਡੁਕਯ, ਤੈਤ੍ਰੀਅ, ਐਤ੍ਰੀਅ, ਛਾਂਦੋਗਯ, ਬ੍ਰਹਦਾਰਣਯਕ। ਇਹਨਾਂ ਉਪਰ ਹੀ ਸ਼ੰਕਰਾਚਾਰੀਆਂ ਵਰਗੇ ਗਿਆਨੀਆਂ ਦੇ ਭਾਸ਼ ਵੀ ਲਿਖੇ ਹਨ।

**ਨਿਸ਼ਕਰਸ਼ :**

ਇਸ ਸਭ ਵਰਨਣ ਤੋਂ ਬਾਅਦ ਪ੍ਰਤੀਤ ਹੁੰਦਾ ਹੈ ਕਿ ਵੇਦਾਂ ਦਾ ਮਹੱਤਵ ਵਿਸ਼ਵ ਭਰ ਵਿਚ ਸਮਝਿਆ ਗਿਆ ਹੈ, ਜਿਸਦੇ ਨਿਰੰਤਰ ਹੁਣ ਤੱਕ ਹੋਰ ਯਤਨ ਵੀ ਜਾਰੀ ਹਨ। ਪੁਰਾਤਨ ਕਾਲ ਤੋਂ ਕਈ ਆਚਾਰੀਆਂ, ਰਿਸ਼ੀਆਂ, ਗਿਆਨੀਆਂ, ਵਿਦਵਾਨਾਂ ਅਤੇ ਵਿਗਿਆਨੀਆਂ ਨੇ ਇਹਨਾਂ ਵੇਦਾਂ ਦੇ ਵਿਸ਼ਿਆਂ ਨੂੰ ਸਮਝਣ ਦਾ ਯਤਨ ਕੀਤਾ ਹੈ, ਜੋ ਅੱਜ ਵੀ ਜਾਰੀ ਹੈ ਅਤੇ ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿੱਚ ਵੀ ਜਾਰੀ ਰਹੇਗਾ। ਇਹਨਾਂ ਵੇਦਾਂ ਦੀ ਭਾਸ਼ਾ, ਸ਼ੈਲੀ ਆਦਿ ਕਾਫੀ ਪ੍ਰਾਚੀਨੀ ਹੈ, ਜਿਸਦਾ ਅਰਥ ਹਰ ਵਿਦਵਾਨ ਆਪਣੀ ਪਹੁੰਚ ਵਿਧੀ ਰਾਹੀਂ ਕਰ ਰਿਹਾ ਹੈ। ਨਿਰੁਕਤੀ ਅਨੁਸਾਰ ਹਰ ਵਿਦਵਾਨ ਇਸਦੇ ਅਰਥਾਂ ਦੀ ਜੜ੍ਹ ਤਕ ਪਹੁੰਚਦਾ ਹੈ ਅਤੇ ਫਲਸਰੂਪ ਕਈ ਨਵੇਂ ਅਰਥ ਸਾਹਮਣੇ ਆਉਂਦੇ ਹਨ। ਸਾਯਣ ਅਤੇ ਯਾਸਕ ਦੇ ਕਾਰਜ ਇਹਨਾਂ ਖੋਜਕਾਰਾਂ ਲਈ ਮੀਲ ਪੱਥਰ ਦਾ ਕੰਮ ਕਰਦੇ ਹਨ। ਆਧੁਨਿਕ ਸਮੇਂ ਵਿਚ ਜਿਥੇ ਪੱਛਮ ਵਿਚ ਮੈਕਸਮੂਲਰ, ਮੈਕਡੋਨਲ ਜਿਹੇ ਵਿਦਵਾਨਾਂ ਨੇ ਮਹੱਤਵਪੂਰਨ ਕੰਮ ਕੀਤੇ ਹਨ, ਉਥੇ ਭਾਰਤ ਵਿਚ ਸੁਆਮੀ ਦਯਾਨੰਦ, ਸਾਤਵਲੇਕਰ, ਸ੍ਰੀ ਅਰਵਿੰਦ, ਪੰਡਿਤ ਜੁਲਾਲਾ ਪ੍ਰਸਾਦ, ਆਰੀਆ ਮੁਨੀ, ਪੰਡਿਤ ਹਰੀਸ਼ਚੰਦਰ ਆਦਿ ਕਈ ਵਿਦਵਾਨਾਂ ਨੇ ਵਿਆਕਰਣ, ਨਿਰੁਕਤ, ਧਾਤੂ ਪਾਠ ਅਤੇ ਸਾਯਣ ਭਾਸ਼ ਤੇ ਆਧਾਰਿਤ ਕਈ ਤਰ੍ਹਾਂ ਦੀ ਵਿਆਖਿਆਵਾਂ ਕੀਤੀਆਂ ਹਨ। ਸਭ ਵਿਦਵਾਨਾਂ ਦਾ ਕੰਮ ਆਦਰ ਯੋਗ ਹੈ ਅਤੇ ਸਭ ਨੇ ਆਪਣੇ ਆਪਣੇ ਢੰਗ ਅਤੇ ਸ਼ਰਧਾ ਭਾਵਨਾ ਨਾਲ ਕੰਮ ਕੀਤਾ ਹੈ। ਗੀਤਾ ਵਿਚ ਸ੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਕੇਵਲ ਈਸ਼ਵਰ ਹੀ ਵੇਦਾਂ ਦਾ ਪੂਰਵ ਗਿਆਤਾ ਹੈ ਹੋਰ ਕੋਈ ਰਿਸ਼ੀ ਮੁਨੀ ਨਹੀਂ ਹੋ ਸਕਦਾ । (ਗੀਤਾ 15.15)